




# ਫਾਰਮ-ਵਰਕਰਾਂ ਦੇ ਹੱਕਾਂ ਵਿਚ ਸੁਧਾਰ ਕਰਨਾ

## ਬੀ ਸੀ ਵਿਚ ਇਮੀਗਰਾਂਟ ਅਤੇ ਪਰਵਾਸੀ ਫਾਰਮ-ਵਰਕਰਾਂ ਦੀ ਲੁੱਟ-ਖਸੁੱਟ ਖਤਮ ਕਰਨਾ

ਜੂਨ, 2008

## ਸੰਖੇਪ

ਪੂਰੀ ਰਿਪੋਰਟ ਦੀਆਂ ਕਾਪੀਆਂ ਸੀ ਸੀ ਪੀ ਏ ਤੋਂ ਅਤੇ www.policyalternatives.ca ਵੈੱਬਸਾਈਟ ਤੋਂ ਮਿਲਦੀਆਂ ਹਨ।

ਡੇਵਿਡ ਫੈਰੀ, ਕਰਿਸਟੀਨਾ ਹੈਨਸਨ, ਗਲੈੱਨ ਮੈਕਇਨਸ,
ਅਰਲੀਨ ਟਾਈਗਰ ਮੈਕਲੈਰਨ, ਜੀਰਾਰਡੋ ਓਟੈਰੋ, ਕੈਰੀ ਪਰੈਬਿਸ਼
ਅਤੇ ਮਾਰਕ ਥੌਂਪਸਨ ਵਲੋਂ

ਬੀ ਸੀ ਫਾਰਮ-ਵਰਕਰ, ਖਾਸ ਤੌਰ ਉੱਤੇ ਘੱਟ ਤਨਖਾਹ ਵਾਲੇ ਨਿਤਾਣੇ ਵਰਕਰ ਹਨ। ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ 'ਤੇ ਨਿਰਭਰ ਕਰਨ ਵਾਲੇ ਬਾਕੀ ਸਾਰੇ ਲੋਕਾਂ ਵਾਂਗ, ਉਨ੍ਹਾਂ 'ਤੇ ਵਿਸ਼ਵਵਿਆਪੀ ਅਤੇ ਸਥਾਨਕ ਆਰਥਿਕ ਨੀਤੀਆਂ ਕਾਰਨ ਪੈਦਾ ਹੋਣ ਵਾਲੀਆਂ ਤਬਦੀਲੀਆਂ ਦਾ ਅਸਰ ਪੈਂਦਾ ਹੈ। ਪਰ ਬੀ ਸੀ ਦੀ ਖੇਤੀਬਾੜੀ ਵਿਚ ਕੰਮ ਕਰਨ ਵਾਲੇ ਮੌਸਮੀ ਕਾਮਿਆਂ – ਜਿਨ੍ਹਾਂ ਨੂੰ ਕਿ ਫਲਾਂ ਅਤੇ ਸਬਜ਼ੀਆਂ ਤੋੜਣ, ਪ੍ਰੋਸੈੱਸ ਕਰਨ ਅਤੇ ਪੈਕ ਕਰਨ ਲਈ ਸਾਲ ਦਾ ਕੁਝ ਹਿੱਸਾ ਕੰਮ 'ਤੇ ਰੱਖਿਆ ਜਾਂਦਾ ਹੈ – ਨੂੰ ਆਪਣੀ ਆਰਥਿਕ ਸੁਰੱਖਿਆ ਪ੍ਰਤੀ ਬੀ ਸੀ ਦੇ ਹੋਰ ਵਰਕਰਾਂ ਦੇ ਮੁਕਾਬਲੇ ਵਿਲੱਖਣ ਕਿਸਮ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਭ ਤੋਂ ਪਹਿਲਾਂ, ਬੀ ਸੀ ਦੇ ਬਹੁਤੇ ਫਾਰਮ-ਵਰਕਰ ਇਮੀਗਰਾਂਟ ਹਨ ਅਤੇ ਇਸ ਖੇਤਰ ਵਿਚ ਆਰਜ਼ੀ ਪਰਵਾਸੀਆਂ ਦੀ ਗਿਣਤੀ ਵਧ ਰਹੀ ਹੈ। ਬਹੁਗਿਣਤੀ ਇਮੀਗਰਾਂਟ ਫਾਰਮ-ਵਰਕਰ ਇੰਡੋ-ਕੈਨੇਡੀਅਨ ਹਨ; ਉਨ੍ਹਾਂ ਵਿੱਚੋਂ ਬਹੁਤੀਆਂ ਔਰਤਾਂ ਹਨ, ਬਹੁਤ ਸਾਰੇ ਆਪਣੀ ਉਮਰ ਦੇ 50ਵਿਆਂ ਅਤੇ 60ਵਿਆਂ ਵਿਚ ਹਨ ਜੋ ਕਿ ਅੰਗਰੇਜ਼ੀ ਨਹੀਂ ਬੋਲ ਸਕਦੇ। ਉਨ੍ਹਾਂ ਲਈ ਕੋਈ ਹੋਰ ਕੰਮ ਲੱਭਣ ਦੇ ਮੌਕੇ ਬਹੁਤ ਘੱਟ ਹਨ ਅਤੇ ਕੰਮ ਦੀਆਂ ਮਾੜੀਆਂ ਹਾਲਤਾਂ ਨੂੰ ਚੁਣੌਤੀ ਦੇਣ ਦੀ ਉਨ੍ਹਾਂ ਕੋਲ ਤਾਕਤ ਨਹੀਂ ਹੈ। ਜੇ ਉਹ ਸਪੌਂਸਰ ਹੋ ਕੇ ਆਏ ਹਨ ਤਾਂ ਉਹ ਅਕਸਰ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਕੈਨੇਡਾ ਸੱਦਣ ਵਾਲੇ ਆਪਣੇ ਪਰਿਵਾਰਾਂ ਦਾ ਖਰਚਾ ਮੋੜਨਾ ਚਾਹੀਦਾ ਹੈ ਅਤੇ ਇੱਥੇ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਸਭ ਤੋਂ ਜ਼ਿਆਦਾ ਦੁਖਦਾਈ ਗੱਲ ਇਹ ਹੈ ਕਿ ਉਹ ਫਾਰਮ ਵਿਚ ਲੇਬਰ ਸਪਲਾਈ ਕਰਨ ਵਾਲੇ ਠੇਕੇਦਾਰਾਂ (ਐੱਫ ਐੱਲ ਸੀਜ਼) 'ਤੇ ਨਿਰਭਰ ਕਰਦੇ ਹਨ ਜੋ ਕਿ ਵਰਕਰਾਂ ਅਤੇ ਫਾਰਮ/ਗਰੀਨ ਹਾਊਸ ਮਾਲਕਾਂ ਵਿਚਕਾਰ ਵਿਚੋਲਿਆਂ ਦੇ ਤੌਰ 'ਤੇ ਕੰਮ ਕਰਦੇ ਹਨ। ਇਹ ਪ੍ਰਬੰਧ ਠੇਕੇਦਾਰ ਕਰਦੇ ਹਨ ਕਿ ਉਹ ਕਿੱਥੇ ਕੰਮ ਕਰਨਗੇ, ਉਨ੍ਹਾਂ ਨੂੰ ਕਿੰਨੇ ਪੈਸੇ ਮਿਲਣਗੇ, ਅਤੇ ਉਹ ਫਾਰਮਾਂ ਨੂੰ ਕਿਵੇਂ ਜਾਣਗੇ ਅਤੇ ਆਉਣਗੇ। ਫਾਰਮ ਮਾਲਕ, ਬਹੁਤ ਭਰੋਸੇਯੋਗ ਕਾਮਿਆਂ ਲਈ ਬਹੁਤ ਸਮੇਂ ਤੋਂ ਠੇਕੇਦਾਰਾਂ 'ਤੇ ਨਿਰਭਰ ਕਰਦੇ ਆਏ ਹਨ ਭਾਵੇਂ ਕਿ ਠੇਕੇਦਾਰ ਇਮੀਗਰਾਂਟ ਫਾਰਮ-ਵਰਕਰਾਂ ਦੀ ਲੁੱਟ-ਖਸੁੱਟ ਕਰਦੇ ਅਤੇ ਰੁਜ਼ਗਾਰ ਨਾਲ ਸੰਬੰਧਿਤ ਮਿਆਰਾਂ ਅਤੇ ਸੁਰੱਖਿਆ ਦੇ ਨਿਯਮਾਂ ਦੀ ਉਲੰਘਣਾ ਕਰਦੇ ਆ ਰਹੇ ਹਨ। ਪਿਛਲੇ ਸਾਲ ਫਰੇਜ਼ਰ ਵੈਲੀ ਦੇ ਹਾਈਵੇਅ ਉੱਤੇ ਹੋਇਆ ਇਕ ਦਰਦਨਾਕ ਹਾਦਸਾ, ਜਿਸ ਵਿਚ ਤਿੰਨ ਇਮੀਗਰਾਂਟ ਫਾਰਮ-ਵਰਕਰ ਔਰਤਾਂ ਮਾਰੀਆਂ ਗਈਆਂ ਸਨ, ਇਨ੍ਹਾਂ ਹਾਲਤਾਂ ਦੇ ਖਤਰਨਾਕ ਮਿਸ਼ਰਨ ਦੀ ਇਕ ਕਠੋਰ ਯਾਦ ਦਿਵਾਉਂਦਾ ਹੈ।

JUSTICIA JUSTICE
PROGRESSIVE INTERCULTURAL COMMUNITY SERVICES SOCIETY
CCPA
CANADIAN CENTRE for POLICY ALTERNATIVES
BC Office
BCFED

ਇਕਨੌਮਿਕ ਸਕਿਉਰਟੀ ਪ੍ਰੋਜੈਕਟ ਦੀ ਇਕ ਰਿਪੋਰਟ

## 2001 ਤੋਂ ਲੈ ਕੇ ਬੀ ਸੀ ਦੇ ਇਮਪਲੌਏਮੈਂਟ ਸਟੈਂਡਰਡਜ਼ ਵਿਚ ਆਈਆਂ ਤਬਦੀਲੀਆਂ

ਇਮਪਲੌਏਮੈਂਟ ਸਟੈਂਡਰਡਜ਼ (ਰੁਜ਼ਗਾਰ ਨਾਲ ਸੰਬੰਧਿਤ ਮਿਆਰ) ਉਹ ਮੁਢਲੇ ਕਾਨੂੰਨ ਹਨ ਜਿਹੜੇ ਘੱਟੋ-ਘੱਟ ਤਨਖਾਹ, ਕੰਮ ਦੇ ਘੰਟੇ, ਛੁੱਟੀਆਂ ਅਤੇ ਕੰਮ 'ਤੇ ਹੋਰ ਹੱਕਾਂ ਵਰਗੇ ਵਿਸ਼ਿਆਂ ਨੂੰ ਕੰਟਰੋਲ ਕਰਦੇ ਹਨ। ਉਹ ਮੁਢਲਾ ਆਧਾਰ ਕਾਇਮ ਕਰਨ ਲਈ ਹੁੰਦੇ ਹਨ ਅਤੇ ਨਿਤਾਣੇ ਅਤੇ ਘੱਟੋ-ਤਨਖਾਹ ਵਾਲੇ ਵਰਕਰਾਂ ਦੇ ਹੱਕਾਂ ਦੀ ਰਾਖੀ ਕਰਨ ਅਤੇ ਉਨ੍ਹਾਂ ਦੇ ਹੱਕਾਂ ਦੀ ਤਾਮੀਲ ਕਰਵਾਉਣ ਲਈ ਖਾਸ ਤੌਰ 'ਤੇ ਮਹੱਤਵਪੂਰਨ ਹਨ। ਪਰ ਫਾਰਮਾਂ ਦੇ ਮਾਲਕਾਂ ਵਲੋਂ ਵੱਡੇ ਪੱਧਰ 'ਤੇ ਕੀਤੀ ਗਈ ਲਾਬੀ ਤੋਂ ਬਾਅਦ 2001 ਤੋਂ ਬਾਅਦ ਦੇ ਸਾਲਾਂ ਦੌਰਾਨ ਸੂਬੇ ਨੇ ਅਜਿਹੀਆਂ ਤਬਦੀਲੀਆਂ ਕੀਤੀਆਂ ਹਨ ਜਿਨ੍ਹਾਂ ਕਾਰਨ ਇਹ ਮਿਆਰ ਨੀਵੇਂ ਹੋਏ ਹਨ। ਉਦਾਹਰਣ ਲਈ:

### 2001

- ਸਰਕਾਰ ਨੇ ਕਈ ਏਜੰਸੀਆਂ ਦੇ ਸਹਿਯੋਗ ਨਾਲ ਬਣੀ ਐਗਰੀਕਲਚਰ ਕਮਪਲਾਇੰਸ ਟੀਮ (ਏ ਸੀ ਟੀ) ਨੂੰ ਭੰਗ ਕਰ ਦਿੱਤਾ ਜੋ ਕਿ ਇਕ ਬਹੁਤ ਹੀ ਕਾਮਯਾਬ ਬਹੁ-ਅਧਿਕਾਰ ਖੇਤਰੀ ਪ੍ਰੋਗਰਾਮ ਸੀ ਜਿਸ ਨੇ ਖੇਤੀਬਾੜੀ ਸੈਕਟਰ ਵਿਚ ਸਰਗਰਮ ਹੋ ਕੇ ਨਿਯਮਾਂ ਨੂੰ ਲਾਗੂ ਕੀਤਾ ਅਤੇ ਸਟਾਫ ਮੈਂਬਰਾਂ ਅਤੇ ਇੰਡੋ-ਕੈਨੇਡੀਅਨ ਫਾਰਮ-ਵਰਕਰਾਂ ਵਿਚਕਾਰ ਸਿੱਧੀ ਗੱਲਬਾਤ ਨੂੰ ਉਤਸ਼ਾਹ ਦਿੱਤਾ;
- ਇਮੀਗਰਾਂਟ ਅਤੇ ਪਰਵਾਸੀ ਫਾਰਮ-ਵਰਕਰਾਂ ਦੇ ਨਿਤਾਣੇਪਣ, ਫਾਰਮਾਂ ਲਈ ਲੇਬਰ ਸਪਲਾਈ ਕਰਨ ਵਾਲੇ ਠੇਕੇਦਾਰਾਂ ਦਾ ਇਮੀਗਰਾਂਟ ਫਾਰਮ-ਵਰਕਰਾਂ ਉੱਪਰ ਜ਼ੋਰ, ਅਤੇ ਨਿਯਮਾਂ ਦੀ ਬੇਅਸੂਲੀ ਉਲੰਘਣਾ ਦੇ ਇਤਿਹਾਸ ਦੇ ਬਾਵਜੂਦ, ਜਿਸ ਕਰਕੇ ਹੀ ਏ ਸੀ ਟੀ ਦੀ ਸਥਾਪਨਾ ਕੀਤੀ ਗਈ ਸੀ, ਸਰਕਾਰ ਨਿਯਮ ਲਾਗੂ ਕਰਨ ਲਈ ਸ਼ਿਕਾਇਤ ਆਧਾਰਿਤ (ਆਪ ਸਰਗਰਮ ਹੋਣ ਦੀ ਬਜਾਏ) ਸਿਸਟਮ 'ਤੇ ਵਾਪਸ ਚਲੀ ਗਈ;

### 2002

- ਸਰਕਾਰ ਨੇ ਇਹ ਸ਼ਰਤ ਖਤਮ ਕਰ ਦਿੱਤੀ ਕਿ ਫਾਰਮਰ ਆਪਣੇ ਫਾਰਮਾਂ 'ਤੇ ਲੇਬਰ ਸਪਲਾਈ ਕਰਨ ਵਾਲੇ ਠੇਕੇਦਾਰਾਂ ਦੇ ਮੁਲਾਜ਼ਮਾਂ ਨੂੰ ਦਿੱਤੀਆਂ ਗਈਆਂ ਤਨਖਾਹਾਂ ਦੇ ਰਿਕਾਰਡ ਰੱਖੇ ਅਤੇ ਵਰਕਰਾਂ ਦੀਆਂ ਅਣਦਿੱਤੀਆਂ ਤਨਖਾਹਾਂ ਦੇਣ ਤੋਂ ਕਾਸ਼ਤਕਾਰਾਂ ਦੀਆਂ ਜ਼ਿੰਮੇਵਾਰੀਆਂ ਵਿਚ ਛੋਟਾਂ ਦੇ ਦਿੱਤੀਆਂ ਅਤੇ ਜ਼ਿੰਮੇਵਾਰੀ ਫਾਰਮਾਂ ਵਿਚ ਲੇਬਰ ਸਪਲਾਈ ਕਰਨ ਵਾਲੇ ਠੇਕੇਦਾਰਾਂ ਉੱਪਰ ਪਾ ਦਿੱਤੀ;
- ਇਮਪਲੌਏਮੈਂਟ ਸਟੈਂਡਰਡਜ਼ (ਰੁਜ਼ਗਾਰ ਨਾਲ ਸੰਬੰਧਿਤ ਮਿਆਰਾਂ) ਦੇ ਐਕਟ ਵਿਚ ਸਮੁੱਚੇ ਤੌਰ 'ਤੇ ਵੱਡੀਆਂ ਤਬਦੀਲੀਆਂ ਕੀਤੀਆਂ ਜਿਸ ਨਾਲ ਐਕਟ ਦੀਆਂ ਧਾਰਾਵਾਂ ਖਤਮ ਕਰ ਦਿੱਤੀਆਂ ਗਈਆਂ;
- ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਦਾ ਬਜਟ ਬਹੁਤ ਜ਼ਿਆਦਾ ਘਟਾ ਦਿੱਤਾ (ਜਿਸ ਨਾਲ ਸਟਾਫ ਵਿਚ ਇਕ ਤਿਹਾਈ ਕਟੌਤੀ ਹੋ ਗਈ ਅਤੇ ਸੂਬੇ ਭਰ ਵਿਚ ਦਫਤਰ ਬੰਦ ਹੋ ਗਏ);

### 2003

- ਫਾਰਮ-ਵਰਕਰਾਂ ਨੂੰ ਦਿੱਤੇ ਜਾਣ ਵਾਲੇ ਘੱਟੋ-ਘੱਟ ਪੀਸ ਰੇਟ ਤਕਰੀਬਨ 4 ਫੀ ਸਦੀ ਘਟਾ ਦਿੱਤੇ ਅਤੇ ਪੀਸ ਰੇਟਾਂ ਵਿਚ ਹੀ ਕਾਨੂੰਨੀ ਛੁੱਟੀਆਂ ਅਤੇ ਸਲਾਨਾ ਛੁੱਟੀਆਂ ਦੀ ਤਨਖਾਹ ਸ਼ਾਮਲ ਕਰ ਦਿੱਤੀ;
- ਜਿਹੜੇ ਫਾਰਮ-ਵਰਕਰਾਂ ਨੂੰ ਘੰਟਿਆਂ ਦੇ ਹਿਸਾਬ ਨਾਲ ਤਨਖਾਹ ਮਿਲਦੀ ਹੈ ਉਨ੍ਹਾਂ ਨੂੰ ਸਰਕਾਰੀ ਛੁੱਟੀਆਂ ਦੀ ਤਨਖਾਹ ਅਤੇ ਸਲਾਨਾ ਛੁੱਟੀਆਂ ਦੇ ਹੱਕ ਤੋਂ ਬਾਹਰ ਕਰ ਦਿੱਤਾ;
- ਜਿਹੜੇ ਵਰਕਰ ਠੇਕੇਦਾਰਾਂ ਵਲੋਂ ਫਾਰਮਾਂ ਨੂੰ ਲਿਜਾਏ ਜਾਂਦੇ ਹਨ, ਉਨ੍ਹਾਂ ਨੂੰ ਘੱਟੋ-ਘੱਟ ਘੰਟਿਆਂ ਦੀ ਦਿੱਤੀ ਜਾਣ ਵਾਲੀ ਤਨਖਾਹ ਚਾਰ ਘੰਟਿਆਂ ਤੋਂ ਘਟਾ ਕੇ ਦੋ ਘੰਟੇ ਕਰ ਦਿੱਤੀ; ਅਤੇ
- ਦੋ ਹਫਤਿਆਂ ਦੇ ਸਮੇਂ ਵਿਚ, 120 ਘੰਟਿਆਂ ਤੋਂ ਜ਼ਿਆਦਾ ਦੇ ਕੰਮ ਲਈ ਓਵਰਟਾਈਮ ਦੀ ਤਨਖਾਹ ਦੁੱਗਣੀ ਤੋਂ ਘਟਾ ਕੇ ਡਿਉਢੀ ਕਰ ਦਿੱਤੀ। ਮਗਰੋਂ ਫਾਰਮ-ਵਰਕਰਾਂ ਨੂੰ ਓਵਰਟਾਈਮ ਦੀਆਂ ਸਾਰੀਆਂ ਹੱਕਦਾਰੀਆਂ ਤੋਂ ਬਾਹਰ ਕੱਢ ਦਿੱਤਾ ਗਿਆ।

2004 ਵਿਚ, ਸੂਬਾਈ ਸਰਕਾਰ ਫਾਰਮ ਲੇਬਰ ਦੀ ਕਮੀ ਪੂਰੀ ਕਰਨ ਲਈ ਸਰਗਰਮ ਹੋਈ। ਪਰ ਨਵੇਂ ਵਰਕਰਾਂ ਨੂੰ ਖਿੱਚਣ ਲਈ ਕੰਮ ਦੀਆਂ ਹਾਲਤਾਂ ਵਿਚ ਸੁਧਾਰ ਕਰਨ ਦੀ ਬਜਾਏ, ਬੀ ਸੀ ਫੈਡਰਲ ਸੀਜ਼ਨਲ ਐਗਰੀਕਲਚਰਲ ਵਰਕਰਜ਼ ਪ੍ਰੋਗਰਾਮ (ਐੱਸ ਏ ਡਬਲਯੂ ਪੀ) ਵਿਚ ਸ਼ਾਮਲ ਹੋ ਗਿਆ ਅਤੇ ਸੂਬੇ ਦੀ ਬਾਗਬਾਨੀ ਨਾਲ ਸੰਬੰਧਿਤ ਇੰਡਸਟਰੀ ਨੂੰ ਮੈਕਸੀਕੋ ਤੋਂ ਮੌਸਮੀ ਕਾਮੇ ਮੰਗਵਾਉਣ ਦਾ ਹੱਕ ਦੇ ਦਿੱਤਾ। ਉਦੋਂ ਤੋਂ ਲੈ ਕੇ ਮੈਕਸੀਕਨ ਪਰਵਾਸੀ ਫਾਰਮ-ਵਰਕਰਾਂ ਦੀ ਗਿਣਤੀ ਇਕ ਦਮ ਵਧ ਗਈ ਜੋ ਕਿ 2004 ਵਿਚ 50 ਵਰਕਰਾਂ ਤੋਂ ਵਧ ਕੇ ਤਿੰਨ ਸਾਲ ਬਾਅਦ 2200 ਕਾਮੇ ਹੋ ਗਈ। ਇਨ੍ਹਾਂ ਕਾਮਿਆਂ ਨੂੰ ਜੋ ਕਿ ਕਿਸੇ ਖਾਸ ਕੰਮ-ਮਾਲਕ ਨਾਲ “ਬੱਝੇ” ਕੈਨੇਡਾ ਆਉਂਦੇ ਹਨ, ਵਿਲੱਖਣ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਦੇ ਹੱਕ ਦਬਾਏ ਜਾਂਦੇ ਹਨ।

ਫਾਰਮ-ਵਰਕਰਾਂ ਦੀ ਸੰਕਟਪੂਰਨ ਹਾਲਤ ਦੇ ਬਾਵਜੂਦ, ਸੂਬਾਈ ਸਰਕਾਰ ਨੇ 2001 ਵਿਚ ਸੱਤਾ ਵਿਚ ਆਉਣ ਤੋਂ ਲੈ ਕੇ ਲਗਾਤਾਰ ਰੁਜ਼ਗਾਰ ਨਾਲ ਸੰਬੰਧਿਤ ਹਿਫਾਜ਼ਤਾਂ ਅਤੇ ਸੁਰੱਖਿਆ ਨੂੰ ਖੋਰਾ ਲਾਇਆ ਹੈ। (ਸਫਾ 2 ਉੱਪਰ *ਬੀ ਸੀ ਇਮਪਲੌਏਮੈਂਟ ਸਟੈਂਡਰਡਜ਼ ਵਿਚ 2001 ਤੋਂ ਲੈ ਕੇ ਤਬਦੀਲੀਆਂ* ਦੇਖੋ)। ਇਹ ਅਧਿਐਨ ਫਰੇਜ਼ਰ ਵੈਲੀ ਵਿਚ ਉਨ੍ਹਾਂ ਤਬਦੀਲੀਆਂ ਦੇ ਇਮੀਗਰਾਂਟ ਅਤੇ ਪਰਵਾਸੀ ਫਾਰਮ-ਵਰਕਰਾਂ ਉੱਪਰ ਪਏ ਅਸਰ ਦਾ ਪਤਾ ਲਾਉਂਦਾ ਹੈ। ਅਧਿਐਨ ਇਹ ਦੇਖਦਾ ਹੈ ਕਿ ਕਿਵੇਂ ਇਸ ਬਦਲੇ ਹੋਏ ਕਾਨੂੰਨੀ ਅਤੇ ਨੀਤੀਗਤ ਵਾਤਾਵਰਣ ਨੇ ਫਾਰਮ-ਵਰਕਰਾਂ ਦੀਆਂ ਕੰਮ ਕਰਨ ਦੀਆਂ ਅਤੇ ਰਹਿਣ-ਸਹਿਣ ਦੀਆਂ ਹਾਲਤਾਂ ਉੱਪਰ ਅਸਰ ਪਾਇਆ ਹੈ। ਇਹ ਅਧਿਐਨ, ਰੁਜ਼ਗਾਰ ਨਾਲ ਸੰਬੰਧਿਤ ਮਿਆਰਾਂ, ਸੁਰੱਖਿਆ ਅਤੇ ਸਿਹਤ ਨਾਲ ਸੰਬੰਧਿਤ ਨਿਯਮਾਂ, ਨਿਯਮਾਂ ਨੂੰ ਲਾਗੂ ਕਰਨ ਦੇ ਤਰੀਕਿਆਂ ਅਤੇ ਠੇਕੇਦਾਰੀ ਦੇ ਪ੍ਰੋਗਰਾਮਾਂ ਲਈ ਬਦਲਵੇਂ ਮਾਡਲ ਤਜਵੀਜ਼ ਕਰਦਾ ਹੈ ਜੋ ਕਿ ਫਾਰਮ-ਵਰਕਰਾਂ ਦੀਆਂ ਲੋੜਾਂ ਦਾ ਬਿਹਤਰ ਹੱਲ ਕਰਨਗੇ ਅਤੇ ਉਨ੍ਹਾਂ ਦੀ ਆਰਥਿਕ ਸੁਰੱਖਿਆ ਵਿਚ ਵਾਧਾ ਕਰਨਗੇ।

ਫਾਰਮ-ਵਰਕਰਾਂ ਦੀ ਸੰਕਟਪੂਰਨ ਹਾਲਤ ਦੇ ਬਾਵਜੂਦ, ਸੂਬਾਈ ਸਰਕਾਰ ਨੇ 2001 ਵਿਚ ਸੱਤਾ ਵਿਚ ਆਉਣ ਤੋਂ ਲੈ ਕੇ ਲਗਾਤਾਰ ਰੁਜ਼ਗਾਰ ਨਾਲ ਸੰਬੰਧਿਤ ਹਿਫਾਜ਼ਤਾਂ ਅਤੇ ਸੁਰੱਖਿਆ ਨੂੰ ਖੋਰਾ ਲਾਇਆ ਹੈ। ਇਹ ਅਧਿਐਨ ਫਰੇਜ਼ਰ ਵੈਲੀ ਵਿਚ ਉਨ੍ਹਾਂ ਤਬਦੀਲੀਆਂ ਦੇ ਇਮੀਗਰਾਂਟ ਅਤੇ ਪਰਵਾਸੀ ਫਾਰਮ-ਵਰਕਰਾਂ ਉੱਪਰ ਪਏ ਅਸਰ ਦਾ ਪਤਾ ਲਾਉਂਦਾ ਹੈ ਅਤੇ ਨੀਤੀ ਵਿੱਚ ਅਜਿਹੀਆਂ ਤਬਦੀਲੀਆਂ ਕਰਨ ਦੀ ਤਜਵੀਜ਼ ਦਿੰਦਾ ਹੈ ਜਿਹੜੀਆਂ ਫਾਰਮ-ਵਰਕਰਾਂ ਦੀ ਆਰਥਿਕ ਸੁਰੱਖਿਆ ਵਿਚ ਵਾਧਾ ਕਰਨਗੀਆਂ।

**ਰੇਖਾ ਚਿੱਤਰ**

## ਰਾਜਪਾਲ

56 ਸਾਲ ਦੀ ਰਾਜਪਾਲ ਜਿਸ ਨੂੰ ਉਸ ਦੀ ਵੱਡੀ ਧੀ ਨੇ ਸਪੌਂਸਰ ਕੀਤਾ ਸੀ, 1990ਵਿਆਂ ਦੇ ਅੰਤਲੇ ਹਿੱਸੇ ਵਿਚ ਆਪਣੇ ਪਤੀ ਅਤੇ ਛੋਟੀ ਧੀ ਨਾਲ ਕੈਨੇਡਾ ਆਈ। ਪੰਜਾਬ ਵਿਚ ਰਾਜਪਾਲ ਨੇ ਆਪਣੇ ਪਰਿਵਾਰ ਦੇ ਘਰ ਵਿਚ ਅਤੇ ਆਪਣੀ ਜ਼ਮੀਨ ’ਤੇ ਕੰਮ ਕੀਤਾ ਸੀ। ਕੈਨੇਡਾ ਵਿਚ ਆਉਣ ਤੋਂ ਬਾਅਦ ਉਸ ਨੇ ਇਕੋ ਇੰਡੋ-ਕੈਨੇਡੀਅਨ ਫਾਰਮ ਲੇਬਰ ਠੇਕੇਦਾਰ ਨਾਲ ਕੰਮ ਕੀਤਾ, ਫਾਰਮਾਂ ਵਿਚ ਬੇਰੀ ਤੋੜੀ ਅਤੇ ਬਾਅਦ ਵਿਚ ਕੈਨਰੀ ਵਿਚ ਸਬਜ਼ੀਆਂ ਦੀ ਗਰੇਡਿੰਗ ਕੀਤੀ, ਸਬਜ਼ੀਆਂ ਧੋਤੀਆਂ ਅਤੇ ਪੈਕ ਕੀਤੀਆਂ। ਕੈਨਰੀ ਸਾਫ ਰੱਖੀ ਜਾਂਦੀ ਹੈ ਅਤੇ ਇਸ ਵਿਚ ਲੰਚਰੂਮ ਦੀਆਂ ਚੰਗੀਆਂ ਸਹੂਲਤਾਂ ਹਨ ਪਰ ਕਨਵੇਅਰ-ਬੈਲਟ ਦਾ ਕੰਮ ਬਹੁਤ ਤੇਜ਼ ਹੈ; ਇਸ ਕੰਮ ’ਤੇ ਲੰਬਾ ਸਮਾਂ ਖੜ੍ਹਨਾ ਪੈਂਦਾ ਹੈ ਅਤੇ ਕਦੇ ਕਦੇ ਉਸ ਨੂੰ ਚੱਕਰ ਆ ਜਾਂਦਾ ਹੈ। ਰਾਜਪਾਲ ਨੂੰ ਘੱਟੋ-ਘੱਟ ਤਨਖਾਹ ਮਿਲਦੀ ਹੈ, 8 ਡਾਲਰ ਪ੍ਰਤੀ ਘੰਟਾ (ਜਮ੍ਹਾਂ ਛੁੱਟੀਆਂ ਦੀ ਤਨਖਾਹ)।

ਉਹ ਬੇਸਮੈਂਟ ਵਿਚ ਆਪਣੇ ਕਈ ਪੀੜ੍ਹੀਆਂ ਵਾਲੇ ਪਰਿਵਾਰ ਨਾਲ ਰਹਿੰਦੀ ਹੈ। ਫਸਲ ਪੱਕਣ ਦੇ ਮੌਸਮ ਦੇ ਆਮ ਦਿਨਾਂ ਵਿਚ ਰਾਜਪਾਲ ਸਵੇਰ ਦੇ 4 ਵਜੇ ਉੱਠਦੀ ਹੈ ਅਤੇ ਪਰਿਵਾਰ ਦੇ ਮੈਂਬਰਾਂ ਦਾ ਲੰਚ ਬਣਾਉਂਦੀ ਹੈ ਅਤੇ ਫਿਰ ਠੇਕੇਦਾਰ ਵਲੋਂ ਕੰਮ ਲਈ ਲਿਜਾਏ ਜਾਣ ਲਈ ਤਿਆਰ ਹੁੰਦੀ ਹੈ। ਠੇਕੇਦਾਰ ਇਹ ਪ੍ਰਬੰਧ ਕਰਦਾ ਹੈ ਕਿ ਉਹ ਕਿੱਥੇ, ਕਦੋਂ ਅਤੇ ਕਿੰਨਾ ਸਮਾਂ ਕੰਮ ਕਰੇਗੀ। ਉਹ ਪਿੱਟ ਮਿਡੋਜ਼, ਲੈਂਡਨਰ ਜਾਂ ਕਲੋਵਰਡੇਲ ਦੇ ਫਾਰਮਾਂ ਵਿਚ ਕੰਮ ਕਰਦੀ ਹੈ ਜੋ ਕਿ ਇਸ ਚੀਜ਼ ’ਤੇ ਨਿਰਭਰ ਕਰਦਾ ਹੈ ਕਿ ਫਸਲ ਕਿਹੜੀ ਹੈ। ਖੇਤੀਬਾੜੀ ਦੇ ਸੀਜ਼ਨ ਦੌਰਾਨ ਉਹ 8 ਤੋਂ 10 ਘੰਟੇ ਕੰਮ ਕਰਦੀ ਹੈ ਅਤੇ ਬੇਰੀ ਤੋੜਨ ਦੇ ਦਿਨਾਂ ਵਿਚ ਆਮ ਤੌਰ ’ਤੇ 12 ਘੰਟੇ। ਰਾਜਪਾਲ ਮੁਤਾਬਕ, ਕੁਝ ਫਾਰਮਾਂ ਵਿਚ ਹਾਲਤ ਮਾੜੀ ਹੈ: ਵਾਸ਼ਰੂਮ ਸਾਫ ਨਹੀਂ ਹਨ; ਵਰਕਰਾਂ ਨੂੰ ਇਹ ਨਹੀਂ ਦੱਸਿਆ ਜਾਂਦਾ ਕਿ ਕਿਹੜੀਆਂ ਕੀੜੇਮਾਰ ਦਵਾਈਆਂ ਛਿੜਕੀਆਂ ਗਈਆਂ ਹਨ; ਲੰਚਰੂਮ ਜਾਂ ਸ਼ੈਡਾਂ ਨਹੀਂ ਹਨ। ਇਸ ਦੇ ਨਾਲ ਹੀ ਫਾਰਮਰ ਮੀਂਹ ਵਿਚ ਪਾਇਆ ਜਾਣਾ ਵਾਲਾ ਸਮਾਨ ਵੀ ਨਹੀਂ ਦਿੰਦੇ। ਕਦੇ ਕਦੇ ਸੁਪਰਵਾਈਜ਼ਰ ਸਖਤੀ ਕਰਦੇ ਹਨ, ਜੋ ਕਿ ਵਰਕਰਾਂ ਨੂੰ ਆਪਸ ਵਿਚ ਬੋਲਣ ਨਹੀਂ ਦਿੰਦੇ, ਜਾਂ ਦੁਪਹਿਰ ਦੇ ਤਿੰਨ ਵਜੇ ਤੱਕ ਦੁਪਹਿਰ ਦਾ ਖਾਣਾ ਨਹੀਂ ਖਾਣ ਦਿੰਦੇ।

ਰਾਜਪਾਲ ਨੂੰ ਆਪਣੀਆਂ ਤਨਖਾਹਾਂ ਜਾਂ ਕੰਮ ਦੀਆਂ ਹਾਲਤਾਂ ਬਾਰੇ ਲੇਬਰ ਮਹਿਕਮੇ ਜਾਂ ਵਰਕਸੇਫ ਬੀ ਸੀ ਦੇ ਇੰਸਪੈਕਟਰਾਂ ਨਾਲ ਗੱਲ ਕਰਨ ਦਾ ਕਦੇ ਮੌਕਾ ਨਹੀਂ ਮਿਲਿਆ। ਉਸ ਦਾ ਕਹਿਣਾ ਹੈ ਕਿ ਉਹ ਅਤੇ ਉਸ ਦੀਆਂ ਸਾਥਣਾਂ ਸਿਰਫ ਠੇਕੇਦਾਰ ਨਾਲ ਗੱਲ ਕਰਦੀਆਂ ਹਨ, ਕਿਸੇ ਹੋਰ ਨਾਲ ਨਹੀਂ। “ਸਾਨੂੰ ਨਹੀਂ ਪਤਾ ਕਿ ਇਹ ਗੱਲਾਂ ਕਿੱਥੇ ਕਹਿਣੀਆਂ ਹਨ, ਸਿਰਫ ਠੇਕੇਦਾਰ ਦਾ ਹੀ ਪਤਾ ਹੈ।” ਕੰਮ ਔਖਾ ਹੈ ਅਤੇ ਤਨਖਾਹਾਂ ਘੱਟ ਹਨ। ਪਰ ਜੇ ਉਹ ਠੇਕੇਦਾਰ ਨੂੰ ਤਨਖਾਹ ਵਧਾਉਣ ਬਾਰੇ ਕਹਿੰਦੀਆਂ ਹਨ ਤਾਂ ਉਹ ਉਨ੍ਹਾਂ ਨੂੰ ਕਹਿੰਦਾ ਹੈ, “ਫਿਰ ਜਾਉ ਕਿਤੇ ਹੋਰ ਕੰਮ ਲੱਭ ਲਉ ਜਿੱਥੇ ਤੁਹਾਨੂੰ ਜ਼ਿਆਦਾ ਪੈਸੇ ਮਿਲਦੇ ਹੋਣ।”

ਰਾਜਪਾਲ ਚਾਹੁੰਦੀ ਹੈ ਕਿ ਸਰਕਾਰ ਘੱਟੋ ਘੱਟ ਤਨਖਾਹ ਵਧਾਏ। ਉਸ ਦਾ ਕਹਿਣਾ ਹੈ, “ਜਿੰਨਾ ਚਿਰ ਸਰਕਾਰ ਤਨਖਾਹ ਨਹੀਂ ਵਧਾਉਂਦੀ, ਠੇਕੇਦਾਰ ਜ਼ਿਆਦਾ ਪੈਸੇ ਨਹੀਂ ਦੇਣਗੇ...ਉਹ ਸਾਡੀ ਗੱਲ ਕਦੇ ਨਹੀਂ ਸੁਣਦੇ।”

ਭਾਵੇਂ ਕਿ ਇਮੀਗਰਾਂਟ ਅਤੇ ਪਰਵਾਸੀ ਵੱਖੋ ਵੱਖਰੀਆਂ ਕਾਨੂੰਨੀ ਸ਼੍ਰੇਣੀਆਂ ਵਿਚ ਆਉਂਦੇ ਹਨ, ਪਰ ਫਾਰਮ-ਵਰਕਰਾਂ ਵਜੋਂ ਉਹ ਦੋਨੋਂ ਇਕ ਗੁੰਝਲਦਾਰ, ਭੰਬਲਭੂਸੇ ਵਿਚ ਪਾਉਣ ਵਾਲੇ ਅਤੇ ਕੰਟਰੋਲ ਕਰਨ ਵਾਲੇ ਸਿਸਟਮ ਦਾ ਸ਼ਿਕਾਰ ਹਨ ਜੋ ਕਿ ਬਹੁਤ ਵਾਰੀ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਖਤਰੇ ਵਿਚ ਪਾਉਂਦੇ ਹੋਏ ਉਨ੍ਹਾਂ ਦੀ ਅਕਸਰ ਲੁੱਟ-ਖਸੁੱਟ ਕਰਦਾ ਅਤੇ ਨੁਕਸਾਨ ਕਰਦਾ ਹੈ ਅਤੇ ਉਨ੍ਹਾਂ ਨੂੰ ਚੁੱਪ ਕਰਵਾਉਂਦਾ ਹੈ। ਨਿਯਮਾਂ ਦੀ ਸ਼ਬਦਾਵਲੀ ਅਕਸਰ ਅਸਪਸ਼ਟ ਹੈ ਅਤੇ ਇਹ ਸਾਫ ਨਹੀਂ ਹੈ ਕਿ ਆਖਰਕਾਰ ਕੌਣ ਜਵਾਬਦੇਹ ਹੈ। ਉਦਾਹਰਣ ਲਈ, ਜੇ ਠੇਕੇਦਾਰ ਅਤੇ ਫਾਰਮਾਂ ਦੇ ਮਾਲਕ ਦੋਨੋਂ ਹੀ ਕੰਮ-ਮਾਲਕ (ਇਮਪਲੌਏਅਰ) ਹਨ ਤਾਂ ਸੁਰੱਖਿਆ ਨਾਲ ਸੰਬੰਧਿਤ ਮਿਆਰਾਂ ਨੂੰ ਕਾਇਮ ਰੱਖਣ ਲਈ ਜ਼ਿੰਮੇਵਾਰੀ ਦਾ ਖੇਤਰ ਵੰਡਿਆ ਜਾਂਦਾ ਹੈ ਅਤੇ ਇਸ ਕਰਕੇ ਅਸਪਸ਼ਟ ਹੈ। ਅਤੇ ਜਦ ਕਿ ਸੀਜ਼ਨਲ ਐਗਰੀਕਲਚਰਲ ਵਰਕਰਜ਼ ਪ੍ਰੋਗਰਾਮ ਇਕ ਫੈਡਰਲ ਉੱਦਮ ਹੈ ਪਰ ਫਾਰਮ-ਵਰਕਰਾਂ ਦੇ ਰੁਜ਼ਗਾਰ ਮਿਆਰਾਂ ਅਤੇ ਇਨ੍ਹਾਂ ਨੂੰ ਲਾਗੂ ਕਰਨ ਦੀਆਂ ਸ਼ਰਤਾਂ, ਅਤੇ ਸਿਹਤ ਅਤੇ ਸੁਰੱਖਿਆ ਨਾਲ ਸੰਬੰਧਿਤ ਨਿਯਮ ਸੂਬੇ ਅਧੀਨ ਆਉਂਦੇ ਹਨ। ਸੂਬਾਈ ਮਨਿਸਟਰੀਆਂ ਅਤੇ ਏਜੰਸੀਆਂ ਨਾਲ ਤਾਲਮੇਲ ਕਰਨ ਵਿਚ ਫੇਲ੍ਹ ਹੋਣ 'ਤੇ, ਐੱਸ ਏ ਡਬਲਯੂ ਪੀ, ਪਰਵਾਸੀ ਵਰਕਰਾਂ ਦੀ ਹਿਫਾਜ਼ਤ ਨੂੰ ਅਧਿਕਾਰ ਖੇਤਰ ਦੇ ਤੌਰ 'ਤੇ ਧੁੰਦਲੇ ਜ਼ੋਨ ਵਿਚ ਰੱਖਦਾ ਹੈ। ਰੁਜ਼ਗਾਰ ਨਾਲ ਸੰਬੰਧਿਤ ਮਿਆਰਾਂ (ਇਮਪਲੌਏਮੈਂਟ ਸਟੈਂਡਰਡਜ਼) ਨੂੰ ਘਟਾਉਣ ਅਤੇ ਸੁਰੱਖਿਆ ਨਿਯਮਾਂ ਨੂੰ ਲਾਗੂ ਕਰਨ ਵਿਚ ਬੀ ਸੀ ਦੀਆਂ ਕਟੌਤੀਆਂ ਦੇ ਨਤੀਜੇ ਵਜੋਂ, ਇਮੀਗਰਾਂਟ ਅਤੇ ਪਰਵਾਸੀ ਫਾਰਮ-ਵਰਕਰਾਂ ਦੋਨਾਂ ਨੂੰ ਅਨੇਕਾਂ ਨੁਕਸਾਨਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

**ਰੇਖਾ-ਚਿੱਤਰ**

## ਮੈਨੂਅਲ

ਐੱਸ ਏ ਡਬਲਯੂ ਪੀ ਰਾਹੀਂ ਕੈਨੇਡਾ ਆਉਣ ਤੋਂ ਪਹਿਲਾਂ 35 ਸਾਲਾ ਮੈਨੂਅਲ, ਆਪਣੇ ਪਿਤਾ ਦੀ ਸਬਜ਼ੀਆਂ ਦੀ ਕਾਸ਼ਤ ਵਾਲੀ ਜ਼ਮੀਨ 'ਤੇ ਕੰਮ ਕਰਦਾ ਸੀ। ਮੈਨੂਅਲ ਨੇ ਆਪਣੇ ਦੋਸਤਾਂ ਤੋਂ ਇਸ ਪ੍ਰੋਗਰਾਮ ਬਾਰੇ ਸੁਣਿਆ ਅਤੇ ਮੈਕਸੀਕਨ ਸਰਕਾਰ ਨੇ ਮੈਕਸੀਕੋ ਸਿਟੀ ਵਿਚ ਡਾਕਟਰੀ ਜਾਂਚ ਲਈ ਉਸ ਨੂੰ 3000 ਪੈਸੋ ਦੇ ਕੇ ਉਸ ਦੀ ਅਰਜ਼ੀ ਵਿਚ ਉਸ ਦੀ ਮਦਦ ਕੀਤੀ। ਆਪਣੀ ਪਤਨੀ ਅਤੇ ਆਪਣੇ ਦੋ ਬੱਚਿਆਂ ਦੇ ਗੁਜ਼ਾਰੇ ਲਈ ਪੈਸੇ ਕਮਾਉਣ ਲਈ ਉਹ ਪ੍ਰੋਗਰਾਮ ਵਿਚ ਸ਼ਾਮਲ ਹੋਇਆ। ਇਹ ਉਸ ਦਾ ਦੂਜਾ ਸਾਲ ਹੈ – ਉਹ ਬੀ ਸੀ ਦੇ ਉਸ ਫਾਰਮ ਵਿਚ ਹੀ ਵਾਪਸ ਆਇਆ ਜਿੱਥੇ ਉਹ ਸਾਲ ਪਹਿਲਾਂ ਆਇਆ ਸੀ।

ਮੈਨੂਅਲ ਦਾ ਇਕਰਾਰਨਾਮਾ ਅੱਠ ਮਹੀਨਿਆਂ ਦਾ ਹੈ; ਉਸ ਦਾ ਕੰਮ ਘਾਹ ਕੱਢਣਾ ਅਤੇ ਖੇਤਾਂ ਵਿਚ ਬੂਟੇ ਲਾਉਣਾ ਹੈ, ਸਬਜ਼ੀਆਂ ਚੁਣਨਾ, ਧੋਣਾ ਅਤੇ ਪੈਕ ਕਰਨਾ ਹੈ ਅਤੇ ਟਰੈਕਟਰ ਅਤੇ ਫੋਰਕਲਿਫਟਾਂ ਚਲਾਉਣਾ ਹੈ। ਉਹ ਘੰਟੇ ਦੇ 8 ਡਾਲਰ 90 ਸੈਂਟ ਕਮਾਉਂਦਾ ਹੈ। ਮੈਨੂਅਲ ਕਿਉਂਕਿ ਮਸ਼ੀਨਰੀ ਚਲਾਉਂਦਾ ਹੈ, ਉਹ ਮਹਿਸੂਸ ਕਰਦਾ ਹੈ ਕਿ ਉਸ ਨੂੰ ਜ਼ਿਆਦਾ ਪੈਸੇ ਮਿਲਣੇ ਚਾਹੀਦੇ ਹਨ, "ਕਿਉਂਕਿ ਇਹ ਜ਼ਿਆਦਾ ਜ਼ਿੰਮੇਵਾਰੀ ਵਾਲਾ ਕੰਮ ਹੈ। ਅਤੇ ਇਸ ਕਰਕੇ ਵੀ ਪੈਸੇ ਜ਼ਿਆਦਾ ਮਿਲਣੇ ਚਾਹੀਦੇ ਹਨ ਕਿਉਂਕਿ ਜਦੋਂ ਤੁਸੀਂ ਖੇਤ ਵਿਚ ਮਸ਼ੀਨਾਂ ਨਾਲ ਬਿਜਾਈ ਕਰ ਰਹੇ ਹੁੰਦੇ ਹੋ ਤਾਂ ਤੁਸੀਂ ਉੱਥੇ ਹੋਰ ਲੋਕਾਂ ਦੀ ਅਗਵਾਈ ਵੀ ਕਰ ਰਹੇ ਹੁੰਦੇ ਹੋ।"

ਉਸ ਨੂੰ ਨੇਮ ਨਾਲ ਤਨਖਾਹ ਮਿਲਦੀ ਹੈ ਪਰ ਉਸ ਨੂੰ ਮੈਕਸੀਕੋ ਜਾਂ ਬੀ ਸੀ ਵਿਚ ਇਹ ਜਾਣਕਾਰੀ ਨਹੀਂ ਦਿੱਤੀ ਗਈ ਕਿ ਉਸ ਦੀਆਂ ਚਿਕਾਂ ਵਿੱਚੋਂ ਕਟੌਤੀਆਂ ਵੀ ਕੀਤੀਆਂ ਜਾਣੀਆਂ ਹਨ। "ਸਾਨੂੰ ਪਤਾ ਹੈ ਕਿ ਉਹ ਸਾਡੀਆਂ ਤਨਖਾਹ ਦੀਆਂ ਚਿਕਾਂ ਵਿੱਚੋਂ ਪੈਸੇ ਕੱਟ ਰਹੇ ਹਨ, ਪਰ ਸਾਨੂੰ ਇਹ ਨਹੀਂ ਪਤਾ ਕਿ ਕਿਉਂ ਕੱਟ ਰਹੇ ਹਨ, ਜਾਂ ਅਸੀਂ ਕਿਹੜੇ ਫਾਇਦਿਆਂ ਲਈ ਹੱਕਦਾਰ ਹਾਂ।" ਉਹ ਰੋਜ਼ 10 ਤੋਂ 14 ਘੰਟੇ ਕੰਮ ਕਰਦਾ ਹੈ ਜਦ ਕਿ ਐਤਵਾਰ ਨੂੰ ਛੁੱਟੀ ਹੁੰਦੀ ਹੈ ਅਤੇ ਉਸ ਨੂੰ ਕਦੇ ਵੀ ਕਾਨੂੰਨੀ ਤੌਰ 'ਤੇ ਹੋਣ ਵਾਲੀ ਛੁੱਟੀ ਨਹੀਂ ਮਿਲੀ। ਉਹ ਆਪਣੀ ਬਹੁਤੀ ਆਮਦਨ ਆਪਣੇ ਘਰ ਭੇਜ ਦਿੰਦਾ ਹੈ, ਜੋ ਕਿ ਹਰ ਰੋਜ਼ ਦੀ ਤਕਰੀਬਨ 65 ਕੁ ਡਾਲਰ ਬਣਦੀ ਹੈ। ਕੰਮ-ਮਾਲਕ ਵਲੋਂ ਦਿੱਤੇ ਗਏ ਇਕ ਦੋਭਾਸ਼ੀਏ ਨੇ ਪੈਸੇ ਭੇਜਣ ਵਿਚ ਉਸ ਦੀ ਮਦਦ ਕੀਤੀ ਹੈ, ਪਰ ਉਸ ਨੇ ਘਰ ਨੂੰ 1000 ਡਾਲਰ ਭੇਜਣ ਪਿੱਛੇ 20 ਡਾਲਰ ਚਾਰਜ ਕੀਤੇ। ਮੈਨੂਅਲ ਨੂੰ ਆਪਣੇ ਬੂਟ, ਗਲੱਵ ਅਤੇ ਮੀਂਹ ਵਾਲੇ ਕੱਪੜੇ ਆਪ ਖਰੀਦਣੇ ਪਏ ਭਾਵੇਂ ਕਿ ਸਚਾਈ ਇਹ ਹੈ ਕਿ "ਇਕਰਾਰਨਾਮੇ ਵਿਚ ਇਹ ਲਿਖਿਆ ਹੋਇਆ ਹੈ ਕਿ ਕੰਮ-ਮਾਲਕ ਹਰ ਇਕ ਚੀਜ਼ ਦੇਵੇਗਾ।" ਜਦੋਂ ਉਸ ਦਾ ਬੌਸ ਵਰਕਰਾਂ ਨੂੰ ਸਟੋਰ ਲੈ ਕੇ ਗਿਆ ਤਾਂ ਉਸ ਨੇ ਪੈਸੇ ਦਿੱਤੇ, "ਪਰ ਫਿਰ ਉਸ ਨੇ ਸਾਰੇ ਪੈਸੇ ਸਾਡੀਆਂ ਤਨਖਾਹਾਂ ਵਿੱਚੋਂ ਕੱਟ ਲਏ।"

ਮੈਨੂਅਲ ਬਿਹਤਰ ਰਿਹਾਇਸ਼– ਇਕ ਕਮਰੇ ਵਿਚ ਦੋ ਜਾਣਿਆਂ ਤੋਂ ਜ਼ਿਆਦਾ ਨਹੀਂ – ਅਤੇ ਜੌਬ ਦੇ ਖਤਰਿਆਂ ਬਾਰੇ ਬਿਹਤਰ ਟਰੇਨਿੰਗ ਚਾਹੁੰਦਾ ਹੈ, ਉਦਾਹਰਣ ਲਈ, ਗੰਢੇ ਕੱਟਣ ਲਈ ਤਿੱਖੇ ਚਾਕੂ ਕਿਵੇਂ ਫੜਣੇ ਹਨ, "ਕਿਉਂਕਿ ਜਦੋਂ ਕੋਈ ਕੰਮ 'ਤੇ ਪਹੁੰਚਦਾ ਹੈ ਤਾਂ ਉਹ (ਉਸ ਨੂੰ) ਕੰਮ 'ਤੇ ਲਾ ਦਿੰਦੇ ਹਨ ਅਤੇ ਕਦੀ ਵੀ ਇਹ ਨਹੀਂ ਦੱਸਦੇ ਕਿ ਇਹ ਕੰਮ ਕਿਵੇਂ ਕਰਨਾ ਹੈ...ਅਤੇ ਕਦੇ ਵੀ ਇਹ ਨਹੀਂ ਦੱਸਦੇ ਕਿ ਕੀ ਖਤਰੇ ਹਨ।"

ਮੈਨੂਅਲ ਮੁਤਾਬਕ, ਲੋਕਾਂ ਨੂੰ ਕੰਮ-ਮਾਲਕ ਬਦਲਣ ਦਾ ਅਧਿਕਾਰ ਹੋਣਾ ਚਾਹੀਦਾ ਹੈ, "ਅਤੇ ਜੇ ਤੁਸੀਂ ਅਜੇ ਵੀ ਸੰਤੁਸ਼ਟ ਨਾ ਹੋਵੋ ਤਾਂ ਤੁਸੀਂ ਫਿਰ ਬਦਲ ਸਕਦੇ ਹੋਵੋ...ਜੇ ਕੌਂਸਲੇਟ ਤਬਦੀਲੀ ਨਾ ਲੱਭ ਸਕੇ ਤਾਂ ਤੁਹਾਨੂੰ ਮੈਕਸੀਕੋ ਨੂੰ ਵਾਪਸ ਜਾਣਾ ਪੈਂਦਾ ਹੈ।" ਅਤੇ ਉਹ ਇਸ ਚੀਜ਼ ਬਾਰੇ ਵੀ ਫਿਕਰਮੰਦ ਸੀ ਕਿ ਜੇ ਉਸ ਦੇ ਕੰਮ-ਮਾਲਕ ਕੋਲ ਕੰਮ ਘੱਟ ਹੋਇਆ ਤਾਂ ਉਹ ਕਾਮਿਆਂ ਨੂੰ ਛੇਤੀ ਘਰ ਵਾਪਸ ਭੇਜ ਸਕਦਾ ਹੈ, ਭਾਵੇਂ ਇਕਰਾਰਨਾਮੇ ਵਿਚ ਕਿੰਨਾ ਵੀ ਸਮਾਂ ਰਹਿੰਦਾ ਹੋਵੇ। ਮੈਨੂਅਲ, ਕੌਂਸਲੇਟ ਕੋਲੋਂ ਜ਼ਿਆਦਾ ਮਦਦ, ਕੰਮ-ਮਾਲਕ ਬਦਲਣ ਦੀ ਆਜ਼ਾਦੀ, ਅੰਗਰੇਜ਼ੀ ਦੀਆਂ ਕਲਾਸਾਂ ਲਾਉਣ ਦਾ ਮੌਕਾ ਅਤੇ ਆਪਣੇ ਪਰਿਵਾਰ ਨੂੰ ਕੈਨੇਡਾ ਲਿਆ ਸਕਣ ਦੀ ਯੋਗਤਾ ਚਾਹੁੰਦਾ ਹੈ।

ਇਹ ਅਧਿਐਨ ਡੂੰਘੀ ਖੋਜ ਅਤੇ ਇਨ੍ਹਾਂ ਚੀਜ਼ਾਂ ਦੇ ਵਿਸ਼ਲੇਸ਼ਣ ’ਤੇ ਆਧਾਰਿਤ ਹੈ::

- ਸਰਕਾਰੀ ਦਸਤਾਵੇਜ਼ਾਂ ’ਤੇ;
- ਬੀ ਸੀ ਇਮਪਲੌਏਮੈਂਟ ਐਕਟ ਦੀਆਂ ਸ਼ਿਕਾਇਤਾਂ ਅਤੇ ਉਲੰਘਣਾਵਾਂ ਬਾਰੇ ਜਾਣਕਾਰੀ ’ਤੇ;
- ਮੁੱਖ ਜਾਣੂਆਂ ਨਾਲ ਇੰਟਰਵਿਊਆਂ ’ਤੇ;
- ਹੋਰ ਇਲਾਕਿਆਂ ਵਿਚ ਫਾਰਮ-ਵਰਕਰਾਂ ਲਈ “ਬਿਹਤਰ ਅਮਲਾਂ” ਅਤੇ ਨੀਤੀਆਂ ਬਾਰੇ ਰਿਪੋਰਟਾਂ ਅਤੇ ਅਕਾਦਮਿਕ ਅਧਿਐਨਾਂ ਤੋਂ ਲਈ ਜਾਣਕਾਰੀ ’ਤੇ;
- ਇਮੀਗਰਾਂਟਾਂ ਅਤੇ ਪਰਵਾਸੀ ਫਾਰਮ-ਵਰਕਰਾਂ ਦੋਨਾਂ ਨਾਲ ਵਿਸਥਾਰਪੂਰਬਕ ਗੁਣਾਤਮਕ (ਕੁਆਲੀਟੇਟਿਵ) ਇੰਟਰਵਿਊਆਂ ’ਤੇ।

ਇਨ੍ਹਾਂ ਵਰਕਰਾਂ ਦੇ ਤਜਰਬਿਆਂ ਨੂੰ ਅਤੇ ਮੈਕਸੀਕਨ ਪਰਵਾਸੀ ਫਾਰਮ-ਵਰਕਰਾਂ ਦੇ ਸਪਲੀਮੈਂਟਲ ਸਰਵੇ ਨੂੰ ਅਧਿਐਨ ਵਿਚ ਸਾਂਝਾ ਕੀਤਾ ਗਿਆ ਹੈ।

ਇਨ੍ਹਾਂ ਨੀਤੀਆਂ ਅਤੇ ਅਮਲਾਂ ਦੇ ਜ਼ਿੰਦਗੀਆਂ ’ਤੇ ਪੈਣ ਵਾਲੇ ਅਸਲੀ ਅਸਰਾਂ ’ਤੇ ਚਾਨਣ ਪਾ ਕੇ ਇਹ ਅਧਿਐਨ ਅਜਿਹਾ ਸਿਸਟਮ ਬਣਾਉਣ ਦਾ ਨਿਸ਼ਾਨਾ ਮਿੱਥਦਾ ਹੈ ਜਿਹੜਾ ਦੇਸ਼ ਅਤੇ ਬਦੇਸ਼ ਵਿਚ ਨਿਤਾਣੇ ਫਾਰਮ-ਵਰਕਰਾਂ ਦੇ ਭਵਿੱਖ ਅਤੇ ਸੌਦੇਬਾਜ਼ੀ ਕਰਨ ਦੀ ਹਾਲਤ ਨੂੰ ਬਿਹਤਰ ਬਣਾ ਸਕੇ।

ਬਹੁਤ ਸਾਰੇ ਫਾਰਮ-ਵਰਕਰ ਅਜਿਹੇ ਮਾਹੌਲ ਵਿਚ ਕੰਮ ਕਰਦੇ ਹਨ ਜਿਹੜਾ ਸੁਰੱਖਿਆ ਅਤੇ ਸਿਹਤ ਦੇ ਮਿਆਰਾਂ ਦੀ ਉਲੰਘਣਾ ਕਰਦਾ ਹੈ। ਫਿਰ ਵੀ, 2001 ਤੋਂ, ਵਰਕਸੇਫ ਬੀ ਸੀ ਵਲੋਂ ਦਿੱਤੀਆਂ ਜਾਣ ਵਾਲੀਆਂ ਇੰਸਪੈਕਸ਼ਨ ਰਿਪੋਰਟਾਂ ਅਤੇ ਰੋਕਥਾਮੀ ਹੁਕਮ ਨਾਟਕੀ ਢੰਗ ਨਾਲ ਘਟ ਗਏ ਹਨ।

## ਮੁੱਖ ਸਿੱਟੇ

- **ਇਮੀਗਰਾਂਟ ਫਾਰਮ-ਵਰਕਰਾਂ ਨੂੰ ਸੁਰੱਖਿਅਤ ਕਮਾਈ ਨਹੀਂ ਹੁੰਦੀ, ਖਾਸ ਕਰਕੇ ਜਦੋਂ ਉਹ ਪੀਸ ਰੇਟ ’ਤੇ ਕੰਮ ਕਰਦੇ ਹਨ।** ਉਹ ਅਕਸਰ ਘੱਟੋ-ਘੱਟ ਤਨਖਾਹ ਨਾਲੋਂ ਘੱਟ ਪੈਸਿਆਂ ’ਤੇ ਕੰਮ ਕਰਦੇ ਹਨ। ਵੱਧ ਆਮਦਨ ਲਈ ਅਤੇ ਈ ਆਈ ਲਈ ਹੱਕਦਾਰ ਹੋਣ ਲਈ ਉਹ ਬਹੁਤ ਜ਼ਿਆਦਾ ਘੰਟੇ ਕੰਮ ਕਰਦੇ ਹਨ (ਖਾਸ ਕਰਕੇ ਉਹ ਵਰਕਰ ਜਿਨ੍ਹਾਂ ਨੂੰ ਘੱਟੋ-ਘੱਟ ਤਨਖਾਹ ਨਾਲੋਂ ਘੱਟ ਪੈਸੇ ਮਿਲਦੇ ਹਨ), ਫਿਰ ਵੀ ਉਨ੍ਹਾਂ ਨੂੰ ਓਵਰਟਾਈਮ ਦੀ ਤਨਖਾਹ ਅਤੇ ਸਰਕਾਰੀ ਛੁੱਟੀਆਂ ਦੀ ਤਨਖਾਹ ਨਹੀਂ ਮਿਲਦੀ (ਇਸ ਦੇ ਨਾਲ ਹੀ ਆਰਾਮ ਲਈ ਸਮੇਂ ਅਤੇ ਸਲਾਨਾ ਛੁੱਟੀਆਂ ਦੀ ਤਨਖਾਹ ਵੀ ਨਹੀਂ ਮਿਲਦੀ)। ਉਹ ਫਾਰਮ ਵਿਚ ਲੇਬਰ ਸਪਲਾਈ ਕਰਨ ਵਾਲੇ ਠੇਕੇਦਾਰਾਂ ਦੀ ਆਪਹੁਦਰੀ ਤਾਕਤ ਦੀ ਮਾਰ ਹੇਠ ਆਉਂਦੇ ਹਨ ਅਤੇ ਉਨ੍ਹਾਂ ਦੇ ਹੱਕਾਂ ਦੀ ਉਲੰਘਣਾ ਹੁੰਦੀ ਹੈ। ਇਕ ਮੁੱਖ ਇਤਲਾਹੀਏ ਮੁਤਾਬਕ, 1997 ਅਤੇ 2001 ਦੇ ਵਿਚਕਾਰ, ਵੱਖ ਵੱਖ ਏਜੰਸੀਆਂ ਤੋਂ ਬਣੀ ਐਗਰੀਕਲਚਰ ਕਮਪਲਾਇੰਸ ਟੀਮ (ਭੰਗ ਹੋਣ ਤੋਂ ਪਹਿਲਾਂ) ਨੇ ਫਾਰਮ ਵਿਚ ਲੇਬਰ ਸਪਲਾਈ ਕਰਨ ਵਾਲੇ ਠੇਕੇਦਾਰਾਂ ਵਲੋਂ ਰੁਜ਼ਗਾਰ ਨਾਲ ਸੰਬੰਧਿਤ ਮਿਆਰਾਂ ਦੇ ਐਕਟ ਦੀਆਂ 1136 ਉਲੰਘਣਾਵਾਂ ਫੜੀਆਂ ਸਨ।
- **ਪਰਵਾਸੀ ਫਾਰਮ-ਵਰਕਰ ਆਮ ਤੌਰ ’ਤੇ ਬੀ ਸੀ -ਐੱਸ ਏ ਡਬਲਯੂ ਪੀ ਤਨਖਾਹ ਦੀ ਮੁਢਲੀ ਘੱਟੋ-ਘੱਟ ਤਨਖਾਹ ਹੀ ਕਮਾਉਂਦੇ ਹਨ** (8 ਡਾਲਰ 90 ਸੈਂਟ/ਪ੍ਰਤੀ ਘੰਟਾ) - ਭਾਵੇਂ ਉਨ੍ਹਾਂ ਦਾ ਤਜਰਬਾ ਕਿੰਨਾ ਵੀ ਹੋਵੇ। ਉਹ ਫਾਰਮ ਮਾਲਕਾਂ ਦੇ ਹੁਕਮਾਂ ਅਤੇ ਸੱਦੇ ’ਤੇ ਬਹੁਤ ਹੀ ਜ਼ਿਆਦਾ ਘੰਟੇ ਕੰਮ ਕਰਦੇ ਹਨ ਅਤੇ - ਬੀ ਸੀ ਇਮੀਗਰਾਂਟ ਫਾਰਮ-ਵਰਕਰਾਂ ਵਾਂਗ - ਉਨ੍ਹਾਂ ਨੂੰ ਓਵਰਟਾਈਮ ਦੀ ਤਨਖਾਹ ਅਤੇ ਸਰਕਾਰੀ ਛੁੱਟੀਆਂ ਦੀ ਤਨਖਾਹ ਵੀ ਨਹੀਂ ਮਿਲਦੀ। ਉਹ ਵੀ ਆਪਣੇ ਕੰਮ-ਮਾਲਕ ਦੀ ਆਪਹੁਦਰੀ ਤਾਕਤ ਦੀ ਮਾਰ ਹੇਠ ਆਉਂਦੇ ਹਨ ਅਤੇ ਉਨ੍ਹਾਂ ਦੇ ਹੱਕਾਂ ਦੀ ਉਲੰਘਣਾ ਹੁੰਦੀ ਹੈ। ਜਿਨ੍ਹਾਂ ਪਰਵਾਸੀਆਂ ਨਾਲ ਅਸੀਂ ਗੱਲਬਾਤ ਕੀਤੀ, ਉਨ੍ਹਾਂ ਵਿੱਚੋਂ ਕੁਝ ਨੇ ਸਾਨੂੰ ਇਹ ਦੱਸਿਆ ਕਿ ਉਹ ਹਫਤੇ ਵਿਚ 60 ਤੋਂ 70 ਘੰਟੇ ਕੰਮ ਕਰਦੇ ਹਨ - ਫਸਲ ਦੇ ਭਰਪੂਰ ਮੌਸਮ ਵਿਚ ਕੁਝ ਤਾਂ ਹਰ ਰੋਜ਼ 20 ਘੰਟਿਆਂ ਤੱਕ ਵੀ ਕੰਮ ਕਰਦੇ ਹਨ। ਵੱਧ ਘੰਟੇ ਕੰਮ ਕਰਨਾ, ਆਪਣੀ ਆਮਦਨ ਵਧਾਉਣ ਦਾ ਇੱਕੋ ਇੱਕ ਤਰੀਕਾ ਹੈ ਕਿਉਂਕਿ ਓਵਰਟਾਈਮ ਦੀ ਕੋਈ ਤਨਖਾਹ ਨਹੀਂ ਹੈ।
- **ਪਰਵਾਸੀ ਅਤੇ ਇਮੀਗਰਾਂਟ ਫਾਰਮ-ਵਰਕਰ ਆਪਣੀ ਸੁਰੱਖਿਆ ਅਤੇ ਰਹਿਣੀ-ਬਹਿਣੀ ਦੀਆਂ ਹਾਲਤਾਂ ਪ੍ਰਤੀ ਠੀਕ ਤੌਰ ’ਤੇ ਫਿਕਰਮੰਦ ਹਨ।** ਬਹੁਤ ਸਾਰੇ ਅਜਿਹੇ ਮਾਹੌਲ ਵਿਚ ਕੰਮ ਕਰਦੇ ਹਨ ਜਿਹੜਾ ਸੁਰੱਖਿਆ ਅਤੇ ਸਿਹਤ ਦੇ ਮਿਆਰਾਂ ਦੀ ਉਲੰਘਣਾ ਕਰਦਾ ਹੈ। ਮੈਕਸੀਕਨ ਪਰਵਾਸੀ ਵਰਕਰਾਂ ਨੂੰ ਡਾਕਟਰੀ ਇਲਾਜ ਲਈ ਵੱਡੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਖਾਸ ਕਰਕੇ ਬੀ ਸੀ ਦੀ ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਵਿੱਚੋਂ ਉਨ੍ਹਾਂ ਨੂੰ ਲੰਮਾ ਸਮਾਂ ਬਾਹਰ ਰੱਖੇ ਜਾਣ ਕਰਕੇ; ਬਹੁਤ ਸਾਰੇ ਘਟੀਆ ਰਿਹਾਇਸ਼ਾਂ ਵਿਚ ਰਹਿੰਦੇ ਹਨ ਅਤੇ ਉਨ੍ਹਾਂ ਕੋਲ ਆਵਾਜਾਈ ਲਈ ਕੋਈ ਭਰੋਸੇਯੋਗ ਸਾਧਨ ਨਹੀਂ ਹੈ। ਇਮੀਗਰਾਂਟ ਫਾਰਮ-ਵਰਕਰਾਂ ਨੂੰ ਆਮ ਹੀ ਅਜਿਹੀਆਂ ਵੈਨਾਂ ਵਿਚ ਫਾਰਮਾਂ ਨੂੰ ਲਿਜਾਇਆ ਅਤੇ ਲਿਆਇਆ ਜਾਂਦਾ ਹੈ ਜਿਹੜੀਆਂ ਅਕਸਰ ਸੁਰੱਖਿਆ ਦੇ ਨਿਯਮਾਂ ਦੀ ਉਲੰਘਣਾ ਕਰਦੀਆਂ ਹਨ। ਫਿਰ ਵੀ, 2001 ਤੋਂ, ਵਰਕਸੇਫ ਬੀ ਸੀ ਵਲੋਂ ਦਿੱਤੀਆਂ ਜਾਣ ਵਾਲੀਆਂ ਇੰਸਪੈਕਸ਼ਨ ਰਿਪੋਰਟਾਂ ਅਤੇ ਰੋਕਥਾਮੀ ਹੁਕਮ ਨਾਟਕੀ ਢੰਗ ਨਾਲ ਘਟ ਗਏ। ਖੇਤੀਬਾੜੀ ਸੈਕਟਰ ਵਿਚ ਇੰਸਪੈਕਸ਼ਨ ਦੀਆਂ ਰਿਪੋਰਟਾਂ ਸਾਲ 1994-2001 ਵਿਚ ਔਸਤ 523 ਤੋਂ ਘਟ ਕੇ ਸਾਲ 2002-2006 ਵਿਚ ਔਸਤਨ 200 ਰਹਿ ਗਈਆਂ - ਜੋ ਕਿ 62 ਫੀ ਸਦੀ ਕਮੀ ਸੀ। ਇਸੇ ਤਰ੍ਹਾਂ ਰੋਕਥਾਮੀ ਹੁਕਮ 1994-2001 ਵਿਚ ਔਸਤ 940 ਤੋਂ ਘਟ ਕੇ ਸਾਲ 2002-2006 ਵਿਚ ਔਸਤਨ 253 ਰਹਿ ਗਏ - ਜੋ ਕਿ 73 ਫੀ ਸਦੀ ਕਮੀ ਸੀ।

- **ਪਰਵਾਸੀ ਅਤੇ ਇਮੀਗਰਾਂਟ ਫਾਰਮ–ਵਰਕਰ ਇਸ ਗੱਲ ਤੋਂ ਡਰਦੇ ਹਨ** ਕਿ ਜੇ ਉਨ੍ਹਾਂ ਨੇ ਆਪਣੀਆਂ ਤਨਖਾਹਾਂ, ਕੰਮ ਦੇ ਘੰਟਿਆਂ ਜਾਂ ਸੁਰੱਖਿਆ ਦੇ ਫਿਕਰਾਂ ਦੀ **ਸ਼ਿਕਾਇਤ ਕੀਤੀ**, ਜਾਂ ਇੱਥੋਂ ਤੱਕ ਕਿ ਲੱਗੀਆਂ ਸੱਟਾਂ ਦੀ ਰਿਪੋਰਟ ਕੀਤੀ ਤਾਂ ਉਨ੍ਹਾਂ ਦਾ ਕੰਮ ਟੁੱਟ ਜਾਵੇਗਾ। ਫਾਰਮਾਂ ਵਿਚ ਲੇਬਰ ਸਪਲਾਈ ਕਰਨ ਦਾ ਠੇਕੇਦਾਰੀ ਸਿਸਟਮ ਇਮੀਗਰਾਂਟ ਫਾਰਮ–ਵਰਕਰਾਂ ਉੱਪਰ ਤਾਕਤ ਦਾ ਇਕ ਨਜਾਇਜ਼ ਅਸਾਂਵਾਂਪਣ ਠੋਸਦਾ ਹੈ ਜੋ ਕਿ ਉਨ੍ਹਾਂ ਨੂੰ ਚੁੱਪ ਕਰਵਾਉਂਦਾ ਹੈ। ਇਸੇ ਤਰ੍ਹਾਂ, ਵਰਕਰਾਂ ਵਲੋਂ ਇਕ ਮਾਲਕ ਨੂੰ ਛੱਡ ਕੇ ਦੂਜੇ ਮਾਲਕ ਕੋਲ ਕੰਮ ਕਰ ਸਕਣ ਦੀ ਸਮਰਥਾ 'ਤੇ ਪਾਬੰਦੀਆਂ ਲਗਾ ਕੇ ਅਤੇ ਕੰਮ–ਮਾਲਕਾਂ ਨੂੰ ਵਰਕਰਾਂ ਦੇ ਇਕਰਾਰਨਾਮਿਆਂ ਉੱਪਰ ਜ਼ਿਆਦਾ ਕੰਟਰੋਲ ਦੇ ਕੇ, ਸੀਜ਼ਨਲ ਐਗਰੀਕਲਚਰਲ ਵਰਕਰਜ਼ ਪ੍ਰੋਗਰਾਮ, ਪਰਵਾਸੀ ਵਰਕਰਾਂ ਦੀ ਆਪਣੇ ਰੁਜ਼ਗਾਰ ਦੇ ਹੱਕਾਂ ਦੀ ਅਸਲੀ ਰੂਪ ਵਿਚ ਵਰਤੋਂ ਕਰਨ ਦੀ ਸਮਰਥਾ ਨੂੰ ਘਟਾਉਂਦਾ ਹੈ। ਅਧਿਐਨ ਦੌਰਾਨ ਇੰਟਰਵਿਊ ਕੀਤੇ ਗਏ ਵਰਕਰਾਂ ਨੇ ਇਹ ਕਿਹਾ ਕਿ ਠੇਕੇਦਾਰ ਵਰਕਰਾਂ ਉੱਪਰ ਇਹ ਪ੍ਰਭਾਵ ਪਾਉਂਦੇ ਹਨ ਕਿ ਸ਼ਿਕਾਇਤਾਂ ਉਨ੍ਹਾਂ ਦੇ ਲਾਇਸੰਸਾਂ ਉੱਪਰ ਅਤੇ ਵਰਕਰਾਂ ਨੂੰ ਨੌਕਰੀਆਂ ਦੇਣ ਦੀ ਸਮਰਥਾ ਉੱਪਰ ਅਸਰ ਪਾਉਣਗੀਆਂ।
- **ਫੈਡਰਲ ਏਜੰਸੀਆਂ** ਨੇ ਐੱਸ ਏ ਡਬਲਯੂ ਪੀ ਦੇ ਹੋਰ ਸਰਕਾਰੀ ਏਜੰਸੀਆਂ ਨਾਲ ਮਾੜੇ ਤਾਲਮੇਲ ਕਾਰਨ **ਅਧਿਕਾਰ ਖੇਤਰਾਂ ਦਾ ਖਿਲਾਅ ਪੈਦਾ ਕੀਤਾ ਹੈ**। ਇਸ ਤਰ੍ਹਾਂ, ਐੱਸ ਏ ਡਬਲਯੂ ਪੀ ਵਰਕਰਾਂ ਦੇ ਹੱਕਾਂ ਦੀ ਰਾਖੀ ਨਹੀਂ ਕਰ ਰਿਹਾ।

## ਮੁੱਖ ਸਿਫਾਰਸ਼ਾਂ

ਸਾਡੀ ਖੋਜ ਇਹ ਦਿਖਾਉਂਦੀ ਹੈ ਕਿ ਬੀ ਸੀ ਦੇ ਫਾਰਮ–ਵਰਕਰਾਂ ਲਈ ਮੌਜੂਦਾ ਹਾਲਤਾਂ ਆਰਥਿਕ ਸਰੁੱਖਿਆ ਨੂੰ ਖੋਰਾ ਲਾਉਂਦੀਆਂ ਹਨ ਅਤੇ ਮੁਢਲੇ ਰੂਪ ਵਿਚ ਕਾਇਮ ਨਾ ਰੱਖਣ ਯੋਗ ਹਨ। ਫੋਕਸ ਗਰੁੱਪ ਵਿਚਾਰ–ਵਟਾਂਦਰਿਆਂ ਅਤੇ ਇੰਟਰਵਿਊਆਂ ਵਿਚ, ਫਾਰਮ–ਵਰਕਰਾਂ ਨੇ ਸੁਝਾਅ ਦਿੱਤੇ ਕਿ ਉਨ੍ਹਾਂ ਦੀਆਂ ਕੰਮ ਦੀਆਂ ਹਾਲਤਾਂ ਕਿਵੇਂ ਸੁਧਾਰੀਆਂ ਜਾ ਸਕਦੀਆਂ ਹਨ। ਅਸੀਂ ਉਨ੍ਹਾਂ ਦੇ ਤਜਰਬਿਆਂ ਤੋਂ ਅਤੇ ਫਾਰਮ–ਵਰਕਰਾਂ ਲਈ ਬਿਹਤਰ ਅਮਲ ਪੈਦਾ ਕਰਨ ਦੇ ਇੱਛਕ ਹੋਰ ਅਧਿਐਨਾਂ ਤੋਂ ਰੂਪ–ਰੇਖਾ ਤਿਆਰ ਕਰ ਸਕਦੇ ਹਾਂ। ਸਮੁੱਚੇ ਤੌਰ 'ਤੇ, ਸਾਡੀਆਂ ਸਿਫਾਰਸ਼ਾਂ ਇਹ ਜ਼ੋਰ ਦਿੰਦੀਆਂ ਹਨ ਕਿ ਬੀ ਸੀ ਦੇ ਰੁਜ਼ਗਾਰ ਨਾਲ ਸੰਬੰਧਿਤ ਮਿਆਰਾਂ ਵਿਚ ਸੁਧਾਰ ਕੀਤਾ ਜਾਣਾ ਜ਼ਰੂਰੀ ਹੈ ਅਤੇ ਮਿਆਰਾਂ ਦੀ ਤਾਮੀਲ ਵਿਆਪਕ, ਸਰਗਰਮੀ ਨਾਲ ਅਤੇ ਲਗਾਤਾਰ ਹੋਣੀ ਜ਼ਰੂਰੀ ਹੈ। ਅਸੀਂ ਇਹ ਹਿਮਾਇਤ ਵੀ ਕਰਦੇ ਹਾਂ ਕਿ ਸਿਹਤ ਅਤੇ ਸੁਰੱਖਿਆ ਨਾਲ ਸੰਬੰਧਿਤ ਨਿਯਮਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਣਾ ਜ਼ਰੂਰੀ ਹੈ ਅਤੇ ਵਰਕਰਾਂ ਦੇ ਹੱਕਾਂ ਵਿਚ ਵਾਧਾ ਕਰਨ ਲਈ ਫਾਰਮਾਂ ਵਿਚ ਲੇਬਰ ਸਪਲਾਈ ਕਰਨ ਦੇ ਠੇਕੇਦਾਰੀ ਸਿਸਟਮ ਅਤੇ ਐੱਸ ਏ ਡਬਲਯੂ ਪੀ ਦਾ ਪੁਨਰਗਠਨ ਕੀਤਾ ਜਾਣਾ ਚਾਹੀਦਾ ਹੈ।

ਇਸ ਅਧਿਐਨ ਦੀਆਂ ਸਿਫਾਰਸ਼ਾਂ ਵਿਚ ਇਹ ਸਿਫਾਰਸ਼ ਵੀ ਸ਼ਾਮਲ ਹਨ ਕਿ ਬੀ ਸੀ ਸਰਕਾਰ:

- **ਫਾਰਮ–ਵਰਕਰਾਂ ਲਈ ਓਵਰਟਾਈਮ ਦੀ ਤਨਖਾਹ, ਸਰਕਾਰੀ ਛੁੱਟੀਆਂ ਅਤੇ ਸਲਾਨਾ ਤਨਖਾਹ ਨੂੰ ਬਹਾਲ ਕਰੇ,** ਜਿਸ ਨਾਲ ਇਮੀਗਰਾਂਟ ਅਤੇ ਪਰਵਾਸੀ ਫਾਰਮ–ਵਰਕਰਾਂ ਦੀ ਬਹੁਤ ਜ਼ਿਆਦਾ ਹੋ ਰਹੀ ਲੁੱਟ–ਖਸੁੱਟ ਘਟਾਉਣ ਵਿਚ ਮਦਦ ਮਿਲੇਗੀ, ਜਿਨ੍ਹਾਂ ਦੇ ਹੱਕ ਬੀ ਸੀ ਵਿਚਲੇ ਹੋਰ ਵਰਕਰਾਂ ਵਰਗੇ ਹੀ ਹੋਣੇ ਚਾਹੀਦੇ ਹਨ।
- **ਅਜਿਹੇ ਪੀਸ ਰੇਟ ਸਥਾਪਤ ਕੀਤੇ ਜਾਣ ਜਿਹੜੇ ਘੱਟੋ–ਘੱਟ ਤਨਖਾਹ ਦੇ ਬਰਾਬਰ ਹੋਣ।** ਜੇ ਫਾਰਮ–ਵਰਕਰਾਂ ਨੂੰ ਪੀਸ ਰੇਟ ਦਿੱਤੇ ਜਾਣੇ ਹਨ ਤਾਂ ਇਹ ਓਨਟੇਰੀਓ ਵਾਂਗ, ਇਸ ਪੱਧਰ 'ਤੇ ਤਹਿ ਕੀਤੇ ਜਾਣੇ ਚਾਹੀਦੇ ਹਨ ਜਿਹੜੇ ਉਨ੍ਹਾਂ ਨੂੰ ਵਾਜਬ ਕੋਸ਼ਿਸ਼ ਨਾਲ, ਉਨ੍ਹਾਂ ਵਲੋਂ ਕੀਤੇ ਕੰਮ ਦੇ ਘੰਟਿਆਂ ਲਈ ਘੱਟੋ–ਘੱਟ ਤਨਖਾਹ ਜਿੰਨੇ ਪੈਸੇ ਜ਼ਰੂਰ ਕਮਾ ਕੇ ਦੇਣ। ਪੀਸ ਰੇਟ ਆਮਦਨ ਦਾ ਇਕ ਅਨਿਸ਼ਚਿਤ ਵਸੀਲਾ ਹਨ ਅਤੇ ਇਸ ਪ੍ਰੈਕਟਿਸ 'ਤੇ ਮੁੜ ਕੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਸਾਰੇ ਫਾਰਮ–ਵਰਕਰਾਂ ਲਈ ਘੰਟਿਆਂ ਦੀ ਤਨਖਾਹ ਦਾ ਸਿਸਟਮ ਅਪਣਾਇਆ ਜਾ ਸਕਦਾ ਹੈ ਜਿਵੇਂ ਕਿ ਐੱਸ ਏ ਡਬਲਯੂ ਪੀ ਅਧੀਨ ਇਹ ਪਹਿਲਾਂ ਹੀ ਲਾਗੂ ਹੈ।
- **ਕੰਮ ਦਾ ਘੱਟੋ–ਘੱਟ ਰੇਟ ਵਧਾ ਕੇ 10 ਡਾਲਰ ਪ੍ਰਤੀ ਘੰਟਾ ਕਰੇ ਅਤੇ ਇਸ ਨੂੰ ਇਨਫਲੇਸ਼ਨ (ਮੁਦਰਾ ਦੇ ਫੈਲਾਅ) ਨਾਲ ਜੋੜੇ।** ਬੀ ਸੀ ਵਿਚ ਰਹਿਣ ਦਾ **ਜ਼ਿਆਦਾ ਖਰਚਾ** ਅਤੇ ਲੇਬਰ ਦੀ ਕਮੀ, ਘੱਟੋ–ਘੱਟ ਤਨਖਾਹ ਵਿਚ ਫੌਰੀ ਵਾਧੇ ਦੀ ਲੋੜ ਵੱਲ ਸੰਕੇਤ ਕਰਦੀ ਹੈ।
- **ਫਾਰਮਾਂ 'ਤੇ ਇੰਸਪੈਕਸ਼ਨਾਂ ਨੂੰ ਮਜ਼ਬੂਤ ਕਰੇ ਅਤੇ ਐਗਰੀਕਲਚਰਲ ਕਮਪਲਾਇੰਸ ਟੀਮ (ਐਕਟ) ਵਰਗੀ ਸਰਗਰਮ ਨਿਗਰਾਨੀ ਮੁੜ ਕੇ ਬਹਾਲ ਕਰੇ।** ਆਮ, ਅਚਾਨਕ ਅਤੇ ਅਣ–ਐਲਾਨੀਆਂ ਫੇਰੀਆਂ ਤੋਂ ਬਿਨਾਂ ਇਮਪਲੌਏਮੈਂਟ ਸਟੈਂਡਰਡਜ਼ ਐਕਟ ਅਤੇ ਵਰਕਸੇਫ ਬੀ ਸੀ ਦੇ ਨਿਯਮਾਂ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ। ਫਾਰਮ–ਵਰਕਰ ਆਪਣੇ ਕੰਮ ਦੀਆਂ ਹਾਲਤਾਂ ਬਾਰੇ ਬੋਲਣ ਲਈ ਆਜ਼ਾਦ ਨਹੀਂ ਹਨ ਅਤੇ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਆਪਣੀਆਂ ਸ਼ਿਕਾਇਤਾਂ ਕਿਵੇਂ ਕਰਨੀਆਂ ਹਨ ਜੇ ਇੰਸਪੈਕਟਰ ਉਨ੍ਹਾਂ ਦੀ ਮਾਂ ਬੋਲੀ ਨਹੀਂ ਜਾਣਦੇ। ਅਤੇ ਅੰਤਰ–ਏਜੰਸੀ ਸਹਿਯੋਗ ਬਿਨਾਂ, ਰੁਜ਼ਗਾਰ ਦੇ ਮਿਆਰਾਂ ਅਤੇ ਸਿਹਤ ਅਤੇ ਸੁਰੱਖਿਆ ਨਾਲ ਸੰਬੰਧਿਤ ਨਿਯਮਾਂ ਦੀ ਤਾਮੀਲ ਬੇਅਸਰ ਹੈ। ਅਵੱਗਿਆਵਾਂ ਲਈ ਵੱਡੇ ਜੁਰਮਾਨੇ ਕੀਤੇ ਜਾਣੇ ਚਾਹੀਦੇ ਹਨ।

- **ਫਾਰਮਾਂ ਨੂੰ ਲੇਬਰ ਸਪਲਾਈ ਕਰਨ ਵਾਲੇ ਠੇਕੇਦਾਰੀ ਸਿਸਟਮ 'ਤੇ ਮੁੜ ਕੇ ਵਿਚਾਰ ਕਰੇ ਅਤੇ ਸਾਰੇ ਫਾਰਮ-ਵਰਕਰਾਂ – ਇਮੀਗਰਾਂਟਾਂ ਅਤੇ ਪਰਵਾਸੀਆਂ – ਨੂੰ ਕੰਮ ਦੇਣ ਲਈ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲਾ ਹਾਇਰਿੰਗ ਹਾਲ ਮਾਡਲ ਸਥਾਪਤ ਕਰਨ ਬਾਰੇ ਵਿਚਾਰ ਕਰੇ। ਇਹ ਸਮਾਂ ਪ੍ਰਾਈਵੇਟ ਐੱਫ ਐੱਲ ਸੀ (ਫਾਰਮ ਲੇਬਰ ਕੰਟਰੈਕਟਿੰਗ) ਸਿਸਟਮ ਨੂੰ ਬਦਲਣ ਦਾ ਹੈ।** ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲਾ ਇਕ ਨਵਾਂ ਪ੍ਰੋਗਰਾਮ ਲੇਬਰ ਸਪਲਾਈ ਕਰਨ ਦਾ ਇੱਕੋ ਇਕ ਤਰੀਕਾ ਬਣਾਇਆ ਜਾ ਸਕਦਾ ਹੈ ਅਤੇ ਕਾਸ਼ਤਕਾਰਾਂ ਤੋਂ ਨਿਯਮਬੱਧ ਸਿਸਟਮ/ਹਾਇਰਿੰਗ ਹਾਲ/ਪੂਲ ਰਾਹੀਂ ਵਰਕਰ ਕੰਮ 'ਤੇ ਰੱਖਣ ਦੀ ਮੰਗ ਕੀਤੀ ਜਾ ਸਕਦੀ ਹੈ। ਵਰਕਰ ਕੰਮ 'ਤੇ ਰੱਖਣ ਲਈ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲਾ ਇਹ ਨਵਾਂ ਮਾਡਲ ਪਰਵਾਸੀ ਵਰਕਰਾਂ ਤੱਕ ਵੀ ਵਧਾਇਆ ਜਾਣਾ ਚਾਹੀਦਾ ਹੈ ਤਾਂ ਜੋ ਉਹ ਇੱਕੋ ਕੰਮ-ਮਾਲਕ ਵਲੋਂ ਕੰਮ 'ਤੇ ਨਾ ਰੱਖੇ ਜਾਣ ਅਤੇ ਉਸ ਨਾਲ ਬੱਝੇ ਨਾ ਰਹਿਣ। ਇਸ ਨਵੇਂ ਮਾਡਲ ਵਿਚ ਆਜ਼ਾਦ, ਸਥਾਨਕ ਖੇਤੀਬਾੜੀ ਮਨੁੱਖੀ ਵਸੀਲਿਆਂ ਦੇ ਕੇਂਦਰਾਂ (ਹਿਊਮਨ ਰੀਸੋਰਸਜ਼ ਸੈਂਟਰਜ਼) ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ ਜੋ ਕਿ ਫਾਰਮ-ਵਰਕਰਾਂ ਲਈ ਮਦਦ ਦੇ ਪ੍ਰਬੰਧ ਵਜੋਂ ਕੰਮ ਕਰੇ ਅਤੇ ਵਰਕਰਾਂ ਲਈ ਸੁਰੱਖਿਅਤ ਆਵਾਜਾਈ ਪ੍ਰਬੰਧ ਪ੍ਰਦਾਨ ਕਰੇ।
- **ਵਰਕਰਾਂ ਨੂੰ ਉਨ੍ਹਾਂ ਦੇ ਹੱਕਾਂ ਦੀ ਸਿਖਿਆ ਦੇਣ ਅਤੇ ਉਨ੍ਹਾਂ ਦੀ ਹਿਮਾਇਤ ਲਈ ਕਮਿਉਨਟੀ ਏਜੰਸੀਆਂ ਨੂੰ ਫੰਡ ਦੇਵੇ।** ਕਮਿਉਨਟੀ ਏਜੰਸੀਆਂ ਫਾਰਮ-ਵਰਕਰਾਂ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਅਸਰਦਾਰ ਅਤੇ ਸਸਤੇ ਤਰੀਕੇ ਨਾਲ ਜਾਣਕਾਰੀ ਦਿੰਦੀਆਂ ਹਨ ਅਤੇ ਉਹ ਅਜਿਹਾ ਇਮੀਗਰਾਂਟਾਂ/ਪਰਵਾਸੀਆਂ ਦੀ ਮਾਂ ਬੋਲੀ ਵਿਚ ਕਰ ਸਕਦੀਆਂ ਹਨ। ਫਾਰਮ-ਵਰਕਰ ਜੇ ਆਪਣੇ ਹੱਕਾਂ ਬਾਰੇ ਜਾਣੂ ਹੋਣਗੇ ਤਾਂ ਹੀ ਉਹ ਇਨ੍ਹਾਂ ਦੀ ਮੰਗ ਕਰ ਸਕਣਗੇ। ਐੱਸ ਏ ਡਬਲਯੂ ਪੀ ਅਧੀਨ ਆਉਣ ਵਾਲੇ ਪਰਵਾਸੀ ਵਰਕਰਾਂ ਨੂੰ ਬੀ.ਸੀ. ਵਿਚ ਪਹੁੰਚਣ 'ਤੇ ਉਨ੍ਹਾਂ ਦੀ ਮਾਂ ਬੋਲੀ ਵਿਚ ਉਨ੍ਹਾਂ ਦੇ ਹੱਕਾਂ ਬਾਰੇ ਜਾਣਕਾਰੀ ਮਿਲਣੀ ਚਾਹੀਦੀ ਹੈ। ਸਾਰੇ ਫਾਰਮ-ਵਰਕਰਾਂ ਦੀਆਂ ਕੰਮ ਵਾਲੀਆਂ ਥਾਂਵਾਂ 'ਤੇ ਢੁਕਵੀਂਆਂ ਜ਼ਬਾਨਾਂ ਵਿਚ ਹੱਕਾਂ ਬਾਰੇ ਜਾਣਕਾਰੀ ਲੱਗੀ ਹੋਣੀ ਚਾਹੀਦੀ ਹੈ।

ਜ਼ਰੂਰੀ ਹੈ ਕਿ ਸੂਬਾਈ ਸਰਕਾਰ ਫਾਰਮਾਂ 'ਤੇ ਇੰਸਪੈਕਸ਼ਨਾਂ ਨੂੰ ਮਜ਼ਬੂਤ ਕਰੇ ਅਤੇ ਐਗਰੀਕਲਚਰਲ ਕਮਪਲਾਇੰਸ ਟੀਮ (ਐਕਟ) ਵਰਗੀ ਸਰਗਰਮ ਨਿਗਰਾਨੀ ਮੁੜ ਕੇ ਬਹਾਲ ਕਰੇ। ਆਮ, ਅਚਾਨਕ ਅਤੇ ਅਣ-ਐਲਾਨੀਆਂ ਫੇਰੀਆਂ ਤੋਂ ਬਿਨਾਂ ਇਮਪਲੌਏਮੈਂਟ ਸਟੈਂਡਰਡਜ਼ ਐਕਟ ਅਤੇ ਵਰਕਸੇਫ ਬੀ ਸੀ ਦੇ ਨਿਯਮਾਂ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ।

ਇਸ ਰਿਪੋਰਟ ਵਿੱਚ ਮਿਊਂਸਪਲ ਅਤੇ ਫੈਡਰਲ ਸਰਕਾਰਾਂ ਅਤੇ ਮੈਕਸੀਕਨ ਸਰਕਾਰ ਲਈ ਵੀ ਸਿਫਾਰਸ਼ਾਂ ਹਨ। ਇਨ੍ਹਾਂ ਵਿਚ ਸ਼ਾਮਲ ਹਨ:

- **ਪਰਵਾਸੀ ਵਰਕਰਾਂ ਦੀ ਰਿਹਾਇਸ਼ ਲਈ ਵਿਸਥਾਰ ਵਿਚ ਨਿਯਮ ਬਣਾਉ** ਅਤੇ ਰਿਹਾਇਸ਼ਾਂ ਦੀਆਂ ਇੰਸਪੈਕਸ਼ਨਾਂ ਵਿਚ ਸੁਧਾਰ ਕਰੋ। ਮੁਢਲੀਆਂ ਇੰਸਪੈਕਸ਼ਨਾਂ ਰਾਹੀਂ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਕੰਮ-ਮਾਲਕਾਂ ਵਲੋਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਰਿਹਾਇਸ਼ਾਂ ਮੌਜੂਦਾ ਮਿਆਰਾਂ ਦੀ ਪਾਲਣਾ ਕਰਨ; ਜੇ ਰਿਹਾਇਸ਼ ਘਟੀਆ ਹੈ ਤਾਂ ਇਹ ਪਾਸ ਨਹੀਂ ਕੀਤੀ ਜਾਣੀ ਚਾਹੀਦੀ।
- **ਐੱਸ ਏ ਡਬਲਯੂ ਪੀ ਦਾ ਪੁਨਰਗਠਨ ਕਰੋ।** ਘੱਟੋ ਘੱਟ ਐੱਸ ਏ ਡਬਲਯੂ ਪੀ ਨੂੰ ਵਰਕਰਾਂ ਨੂੰ ਇਹ ਆਗਿਆ ਦੇਣੀ ਚਾਹੀਦੀ ਹੈ ਕਿ ਉਹ ਐੱਸ ਏ ਡਬਲਯੂ ਪੀ ਦੇ ਅੰਦਰ ਇਕ ਕੰਮ-ਮਾਲਕ ਤੋਂ ਦੂਜੇ ਕੰਮ-ਮਾਲਕ ਤੱਕ ਆਜ਼ਾਦੀ ਨਾਲ ਜਾ ਸਕਣ ਅਤੇ ਅਜਿਹਾ ਕੰਮ ਮਾਲਕਾਂ ਨਾਲ ਸੰਬੰਧਿਤ ਪਰਮਿਟਾਂ ਦੀ ਥਾਂ ਵਰਕਰਾਂ ਦੇ ਕਿੱਤੇ ਨਾਲ ਸੰਬੰਧਿਤ ਵਰਕ ਪਰਮਿਟ ਜਾਰੀ ਕਰਕੇ ਕੀਤਾ ਜਾਵੇ। ਇਸ ਤੋਂ ਇਲਾਵਾ, ਐੱਚ ਆਰ ਐੱਸ ਡੀ ਸੀ (ਸਰਵਿਸ ਕੈਨੇਡਾ) ਨੂੰ ਲੇਬਰ-ਮਾਰਕੀਟ ਦਾ ਮੇਲ ਕਰਨ ਵਾਲੀ ਸਰਵਿਸ ਦੀ ਬਜਾਏ ਅਜਿਹੀ ਸਰਵਿਸ ਪ੍ਰਦਾਨ ਕਰਨੀ ਚਾਹੀਦੀ ਹੈ ਜਿਹੜੀ ਸਾਰੀਆਂ ਸੰਬੰਧਿਤ ਧਿਰਾਂ ਨਾਲ ਤਾਲਮੇਲ ਕਰੇ। ਇਸ ਨੂੰ ਇਹ ਯਕੀਨੀ ਬਣਾਉਣ ਲਈ ਅਗਵਾਈ ਕਰਨੀ ਚਾਹੀਦੀ ਹੈ ਕਿ ਹੋਰ ਫੈਡਰਲ ਏਜੰਸੀਆਂ, ਈ ਐੱਸ ਬੀ ਅਤੇ ਵਰਕਸੇਫ ਬੀ ਸੀ ਸਮੇਤ, ਸਰਕਾਰ ਦੇ ਸਾਰੇ ਪੱਧਰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ।
- **ਕੰਮ-ਮਾਲਕਾਂ ਤੋਂ ਇਹ ਮੰਗ ਕਰੋ ਕਿ ਉਹ ਨਿਯਮਾਂ ਦੀ ਤਾਮੀਲ ਦਾ ਤਸੱਲੀਬਖਸ਼ ਰਿਕਾਰਡ ਦਿਖਾਉਣ।** ਐੱਸ ਏ ਡਬਲਯੂ ਪੀ ਦੇ ਵਰਕਰ ਆਪਣੇ ਕੰਮ-ਮਾਲਕ ਦਾ ਮੁੱਲਾਂਕਣ ਕਰਨ ਦੇ ਯੋਗ ਹੋਣੇ ਚਾਹੀਦੇ ਹਨ, ਉਸ ਸਬੂਤ ਸਮੇਤ ਜਿਹੜਾ ਅਗਲੇ ਸਾਲਾਂ ਵਿਚ ਲੇਬਰ ਮਾਰਕੀਟ ਨਾਲ ਸੰਬੰਧਿਤ ਮਸ਼ਵਰੇ ਲਈ ਉਸ ਵਲੋਂ ਦੁਬਾਰਾ ਅਰਜ਼ੀ ਕਰਨ ਵੇਲੇ ਵਿਚਾਰਿਆ ਜਾਣਾ ਹੈ।
- **ਕੰਮ-ਮਾਲਕ ਵਲੋਂ ਵਾਪਸ ਦੇਸ਼ ਭੇਜਣ ਦਾ ਹੱਕ ਖਤਮ ਕਰੋ।** ਵਾਪਸ ਦੇਸ਼ ਭੇਜੇ ਜਾਣ ਦਾ ਡਰ ਐੱਸ ਏ ਡਬਲਯੂ ਪੀ ਦੇ ਵਰਕਰਾਂ ਨੂੰ ਆਪਣੇ ਲੇਬਰ ਹੱਕਾਂ ਨੂੰ ਵਰਤਣ ਤੋਂ ਰੋਕਦਾ ਹੈ। ਜਿਹੜੇ ਕਾਸ਼ਤਕਾਰ ਐੱਸ ਏ ਡਬਲਯੂ ਪੀ ਵਰਕਰਾਂ ਨੂੰ ਕੰਮ ਤੋਂ ਹਟਾਉਣਾ ਚਾਹੁੰਦੇ ਹੋਣ ਉਨ੍ਹਾਂ ਲਈ ਅਜਿਹਾ ਕਰਨ ਤੋਂ ਪਹਿਲਾਂ ਉਚਿਤ ਕਾਰਨ ਦਿਖਾਉਣਾ ਜ਼ਰੂਰੀ ਹੋਵੇ ਅਤੇ ਕੰਮ ਤੋਂ ਹਟਾਉਣ ਨੂੰ ਦੇਸ਼ ਵਾਪਸ ਭੇਜਣ ਨਾਲ ਨਾ ਜੋੜਿਆ ਜਾਵੇ।
- **ਐੱਸ ਏ ਡਬਲਯੂ ਪੀ ਵਰਕਰਾਂ ਨੂੰ ਇਮੀਗਰੇਸ਼ਨ ਲੈਣ ਦੇ ਯੋਗ ਬਣਾਉ।** ਜੇ ਵਰਕਰਾਂ ਨੂੰ ਐੱਸ ਏ ਡਬਲਯੂ ਪੀ ਵਿਚ ਪ੍ਰਵਾਨ ਕੀਤਾ ਜਾਂਦਾ ਹੈ ਅਤੇ ਉਹ ਤਿੰਨ ਸੀਜ਼ਨਾਂ ਲਈ ਕੰਮ ਕਰਦੇ ਹਨ ਤਾਂ ਉਹ ਪੱਕੇ ਵਸਨੀਕ ਦੇ ਦਰਜੇ ਲਈ ਅਪਲਾਈ ਕਰਨ ਦੇ ਯੋਗ ਹੋਣੇ ਚਾਹੀਦੇ ਹਨ।
- **ਸਾਰੇ ਪਰਵਾਸੀ ਵਰਕਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਮੈਂਬਰਾਂ ਦੇ ਹੱਕਾਂ ਦੀ ਰਾਖੀ ਬਾਰੇ ਸੰਯੁਕਤ ਰਾਸ਼ਟਰ ਦੀ ਇੰਟਰਨੈਸ਼ਨਲ ਕਨਵੈਨਸ਼ਨ 'ਤੇ ਦਸਤਖਤ ਕਰੋ।** ਕੈਨੇਡਾ ਨੂੰ ਇਸ ਕਨਵੈਨਸ਼ਨ (ਸੰਧੀ) 'ਤੇ ਦਸਤਖਤ ਕਰਨੇ ਚਾਹੀਦੇ ਹਨ ਜੋ ਕਿ ਕੈਨੇਡਾ ਦੇ ਸਾਰੇ ਲੋਕਾਂ ਦੇ ਮੁਢਲੇ ਹੱਕਾਂ, ਜਿਸ ਵਿਚ ਪਰਵਾਸੀਆਂ ਦੇ ਹੱਕ ਵੀ ਸ਼ਾਮਲ ਹਨ, ਦੀ ਗਰੰਟੀ ਦੇਣ ਲਈ ਕੈਨੇਡੀਅਨ ਚਾਰਟਰ ਆਫ ਰਾਈਟਸ ਐਂਡ ਫਰੀਡਮਜ਼ ਦੇ ਮੁਤਾਬਕ ਹੈ।

## ਫਾਰਮ-ਵਰਕਰਾਂ ਦੇ ਹੱਕਾਂ ਵਿਚ ਸੁਧਾਰ ਕਰਨਾ
**ਬੀ ਸੀ ਵਿਚ ਇਮੀਗਰਾਂਟ ਅਤੇ ਪਰਵਾਸੀ ਫਾਰਮ-ਵਰਕਰਾਂ ਦੀ ਲੁੱਟ- ਖਸੁੱਟ ਖਤਮ ਕਰਨਾ**

ਡੇਵਿਡ ਫੈਰੀ, ਕਰਿਸਟੀਨਾ ਹੈਨਸਨ, ਗਲੈੱਨ ਮੈਕਇਨਸ, ਅਰਲੀਨ ਟਾਈਗਰ ਮੈਕਲੈਰਨ, ਜੀਰਾਰਡੋ ਓਟੈਰੋ, ਕੈਰੀ ਪਰੈਬਿਸ਼ ਅਤੇ ਮਾਰਕ ਥੌਂਪਸਨ ਵਲੋਂ

ਜੂਨ 2008

ਕੈਨੇਡੀਅਨ ਸੈਂਟਰ ਫਾਰ ਪਾਲਸੀ ਅਲਟਰਨੇਟਿਵਜ਼ ਦੇ ਬੀ ਸੀ ਦੇ  ਦਫਤਰ, ਜਸਟੀਸੀਆ ਫਾਰ ਮਾਈਗਰਾਂਟ ਵਰਕਰਜ਼, ਪ੍ਰੌਗਰੈਸਿਵ ਇੰਟਰਕਲਚਰਲ ਕਮਿਉਨਟੀ ਸਰਵਿਸਿਜ਼ ਅਤੇ ਬੀ ਸੀ ਫਡਰੇਸ਼ਨ ਆਫ ਲੇਬਰ ਦੇ ਸਹਿਯੋਗ ਨਾਲ ਛਪਿਆ।

### ਸੰਖੇਪ

ਖੋਜ ਦੀ ਪੂਰੀ ਰਿਪੋਰਟ ਦੀਆਂ ਕਾਪੀਆਂ ਸੀ ਸੀ ਪੀ ਏ ਤੋਂ ਮਿਲਦੀਆਂ ਹਨ ਜਾਂ ਸੀ ਸੀ ਪੀ ਏ ਦੇ ਵੈੱਬਸਾਈਟ ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ।

### ਇਕਨੌਮਿਕ ਸਕਿਉਰਟੀ ਪ੍ਰੋਜੈਕਟ ਬਾਰੇ

**www.policyalternatives.ca/economic_security**

ਇਹ ਅਧਿਐਨ ਇਕਨੌਮਿਕ ਸਕਿਉਰਟੀ ਪ੍ਰੋਜੈਕਟ ਦਾ ਹਿੱਸਾ ਹੈ, ਜੋ ਕਿ 24 ਕਮਿਉਨਟੀ ਸੰਸਥਾਵਾਂ ਅਤੇ ਬੀ ਸੀ ਦੀਆਂ ਚਾਰ ਯੂਨੀਵਰਸਿਟੀਆਂ ਦੀ ਹਿੱਸੇਦਾਰੀ ਨਾਲ ਸੀ ਸੀ ਪੀ ਏ ਦੇ ਬੀ ਸੀ ਦੇ ਦਫਤਰ ਅਤੇ ਸਾਈਮਨ ਫਰੇਜ਼ਰ ਯੂਨੀਵਰਸਿਟੀ ਦਾ ਇਕ ਮੁੱਖ ਖੋਜ ਉੱਦਮ ਹੈ। ਪ੍ਰੋਜੈਕਟ ਇਹ ਪਤਾ ਲਾਉਂਦਾ ਹੈ ਕਿ ਸੂਬੇ ਦੀ ਪਾਲਸੀ ਵਿਚ ਤਾਜ਼ੀਆਂ ਤਬਦੀਲੀਆਂ ਬੀ ਸੀ ਦੇ ਨਿਤਾਣੇ ਲੋਕਾਂ, ਜਿਵੇਂ ਕਿ ਵੈਲਫੇਅਰ ’ਤੇ ਨਿਰਭਰ ਕਰਨ ਵਾਲੇ, ਘੱਟ ਤਨਖਾਹ ਕਮਾਉਣ ਵਾਲੇ, ਨਵੇਂ ਇਮੀਗਰਾਂਟ, ਜਵਾਨ ਅਤੇ ਹੋਰ ਲੋਕ, ਦੀ ਆਰਥਿਕ ਭਲਾਈ ’ਤੇ ਕਿਵੇਂ ਅਸਰ ਪਾਉਂਦੀਆਂ ਹਨ। ਇਹ ਆਰਥਿਕ ਸੁਰੱਖਿਆ ਵਿਚ ਸੁਧਾਰ ਕਰਨ ਵਾਲੇ ਨੀਤੀ ਨਾਲ ਸੰਬੰਧਤ ਹੱਲ ਵੀ ਤਿਆਰ ਕਰਦਾ ਅਤੇ ਉਨ੍ਹਾਂ ਹੱਲਾਂ ਨੂੰ ਉਤਸ਼ਾਹਤ ਕਰਦਾ ਹੈ। ਇਸ ਪ੍ਰੋਜੈਕਟ ਲਈ ਫੰਡ ਮੁਢਲੇ ਰੂਪ ਵਿਚ ਸੋਸਲ ਸਾਇੰਸਿਜ਼ ਐਂਡ ਹਿਊਮਨਟੀਜ਼ ਰੀਸਰਚ ਕੌਂਸਲ ਆਫ ਕੈਨੇਡਾ (ਐੱਸ ਐੱਸ ਐੱਚ ਆਰ ਸੀ) ਤੋਂ ਇਸ ਦੇ ਕਮਿਉਨਟੀ-ਯੂਨੀਵਰਸਿਟੀ ਰੀਸਰਚ ਅਲਾਇੰਸ ਪ੍ਰੋਗਰਾਮ ਰਾਹੀਂ ਮਿਲਦੇ ਹਨ।

SIMON FRASER UNIVERSITY

Social Sciences and Humanities Research Council of Canada

Conseil de recherches en sciences humaines du Canada

ਇਹ ਲਿਖਤ ਸੀਮਤ ਕਾਪੀਰਾਈਟ ਹਿਫਾਜ਼ਤ ਅਧੀਨ ਉਪਲਬਧ ਹੈ। ਤੁਸੀਂ ਇਹ ਦਸਤਾਵੇਜ਼ ਡਾਊਨਲੋਡ ਕਰ ਸਕਦੇ ਹੋ, ਵੰਡ ਸਕਦੇ ਹੋ, ਫੋਟੋਕਾਪੀ ਕਰ ਸਕਦੇ ਹੋ, ਇਸ ਦੀ ਮਿਸਾਲ ਦੇ ਸਕਦੇ ਹੋ ਜਾਂ ਇਸ ਵਿੱਚੋਂ ਹਵਾਲੇ ਦੇ ਸਕਦੇ ਹੋ ਪਰ ਇਸ ਦਾ ਸਹੀ ਤਰ੍ਹਾਂ ਅਤੇ ਪੂਰੀ ਤਰ੍ਹਾਂ ਕਰੈਡਿਟ ਦਿੱਤਾ ਜਾਣਾ ਜ਼ਰੂਰੀ ਹੈ ਅਤੇ ਇਸ ਦੀ ਵਪਾਰਕ ਮੰਤਵਾਂ ਲਈ ਵਰਤੋਂ ਕਰਨ ਦੀ ਮਨਾਹੀ ਹੈ। ਬਾਕੀ ਹਰ ਇਕ ਕਿਸਮ ਦੀ ਵਰਤੋਂ ਲਈ ਆਗਿਆ ਲੈਣਾ ਜ਼ਰੂਰੀ ਹੈ। ਕਾਪੀਰਾਈਟ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ www.creativecommons.org ਵੈੱਬਸਾਈਟ ਦੇਖੋ।

ਕਵਰ ਫੋਟੋਆਂ ਕਰੈਗ ਬਰਗਗੋਲਡ ਅਤੇ ਲਾਇਲ ਸਟਾਫੋਰਡ ਵਲੋਂ

CCPA
CANADIAN CENTRE
for POLICY ALTERNATIVES
BC Office

ਕੈਨੇਡੀਅਨ ਸੈਂਟਰ ਫਾਰ ਪਾਲਸੀ ਅਲਟਰਨੇਟਿਵ ਇਕ ਆਜ਼ਾਦ, ਨਿਰਪੱਖ ਖੋਜ ਇੰਸਟੀਚਿਊਟ ਹੈ ਜੋ ਕਿ ਸਮਾਜਿਕ ਅਤੇ ਆਰਥਿਕ ਇਨਸਾਫ ਦੇ ਵਿਸ਼ਿਆਂ ’ਤੇ ਕੇਂਦਰਿਤ ਹੈ।

**ਕੈਨੇਡੀਅਨ ਸੈਂਟਰ ਫਾਰ ਪਾਲਸੀ ਅਲਟਰਨੇਟਿਵ – ਬੀ ਸੀ ਆਫਿਸ**
**Canadian Centre for Policy Alternatives – BC Office**
1400 – 207 West Hastings Street
Vancouver, BC V6B 1H7
ਟੈਲੀਫੋਨ: 604.801.5121
ਫੈਕਸ: 604.801.5122
ccpabc@policyalternatives.ca

**www.policyalternatives.ca**



CAW TCA CANADA